


# ਵਿਸ਼ਵ ਸਾਂਝੀਵਾਲਤਾ ਦਾ ਸੰਕਲਪ - ਬੇਗ਼ਮਪੁਰਾ

For Whats Apps Contact : 78141-42944

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋਬਾਇਲ - 98148-39944 (ਰਜਿ. ਨੰ. 179-2006-07)

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 31/ ਪਹਿਲੀ ਵਾਰ 6000/ ਜਨਵਰੀ 2018 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਕਾਸ਼ੀ ਦਿਆ ਚਾਨਣਾ

ਰੂਪ ਲਾਲ 'ਰੂਪ'
ਪਿੰਡ ਭੇਲਾਂ, ਡਾਕ. ਨਾਜ਼ਕਾ, ਜ਼ਿਲ੍ਹਾ ਜਲੰਧਰ
94652-29722



ਕਾਸ਼ੀ ਦਿਆ ਚਾਨਣਾ ਤੂੰ ਕਰ ਰੁਸ਼ਨਾਈ ਵੇ।
ਰਾਹ ਤੇਰੇ ਦੇਖਦੀ ਆ ਮੁੜ ਕੇ ਲੋਕਾਈ ਵੇ।

ਬੇਗਮਪੁਰਾ ਤਾਂ ਹਾਲੇ ਨਜ਼ਰਾਂ ਤੋਂ ਦੂਰ ਵੇ।
ਕਾਮਿਆਂ ਨੂੰ ਹਾਕਮਾਂ ਨੇ ਕੀਤਾ ਚੂਰ ਚੂਰ ਵੇ।
ਟੈਕਸਾਂ ਦਾ ਬੋਝ ਨਿੱਤ ਨਵਾਂ ਜਾਣ ਪਾਈ ਵੇ।
ਕਾਸ਼ੀ ਦਿਆ ਚਾਨਣਾ.....।

ਮਜ਼ਹਬਾਂ ਦੀ ਵਾੜ ਨਿੱਤ ਪੱਕੀ ਹੋਈ ਜਾਂਦੀ ਆ।
ਮਾੜੀ ਸੋਚ ਅੱਗ ਸਾਡੇ ਘਰਾਂ ਤਾਈਂ ਲਾਂਦੀ ਆ।
ਦੰਗਿਆਂ ਦੀ ਹੁੰਦੀ ਨਹੀਂਉਂ ਕਿਧਰੇ ਸੁਣਾਈ ਵੇ।
ਕਾਸ਼ੀ ਦਿਆ ਚਾਨਣਾ.....।

ਜਿਹੜੇ ਹੱਕਾਂ ਤਾਈਂ ਲੜਿਆ ਤੂੰ ਹਿੱਕ ਤਾਣ ਕੇ।
ਖੋਹ ਲਏ ਤੇਰੇ ਲੋਕਾਂ ਕੋਲੋਂ ਬਿਪਰਾਂ ਨੇ ਆਣ ਕੇ।
ਪੈ ਗਈ ਸਾਨੂੰ ਲੜਨੀ ਫੇਰ ਉਹ ਲੜਾਈ ਵੇ।
ਕਾਸ਼ੀ ਦਿਆ ਚਾਨਣਾ.....।

ਇਕ ਦਿਨ ਰਾਜ ਬਾਬਾ ਆਉਣਾ ਤੇਰੀ ਸੋਚ ਦਾ।
ਦੁਨੀਆ ਨੇ ਜਸ ਬਾਬਾ ਗਾਉਣਾ ਤੇਰੀ ਸੋਚ ਦਾ।
'ਰੂਪ' ਸ਼ਾਇਰ ਆਖੇ ਤੇਰੀ ਧੰਨ ਆ ਕਮਾਈ ਵੇ।
ਕਾਸ਼ੀ ਦਿਆ ਚਾਨਣਾ ਤੂੰ ਕਰ ਰੁਸ਼ਨਾਈ ਵੇ।

## ਇਨਕਲਾਬੀ ਰਹਿਨੁਮਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 641ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ



ਗੁਰਮੇਲ ਸਿੰਘ ਬਜਰੌਰ



ਡਾ. ਸ਼ਾਮ ਲਾਲ ਡੀਂਗਰੀਆਂ



ਪੱਪੀ ਧੁਦਿਆਲਵਾਲਾ



ਲਵਨ ਕੈਨੇਡੀਅਨ



ਗੁਰਨੂਰ ਕੌਰ ਗੇਹਲੜਾਂ

## ਪੰਜਾਬੀ ਕੈਲੰਡਰ 2018

ਇਸ ਪੰਜਾਬੀ ਕੈਲੰਡਰ ਵਿਚ ਸਤਿਗੁਰੂ ਰਵਿਦਾਸ ਜੀ ਦੀ ਸੁੰਦਰ ਤਸਵੀਰ ਹੈ। ਸਾਲ 2018 ਦੀਆਂ ਸੰਗਰਾਂਦ, ਦੇਸੀ ਮਹੀਨਾ, ਪੁੰਨਿਆਂ, ਮੱਸਿਆ, ਪੰਜਾਬ ਸਰਕਾਰ ਦੀਆਂ ਜਾਰੀ ਕੀਤੀਆਂ ਛੁੱਟੀਆਂ ਦਾ ਵੇਰਵਾ ਅਤੇ ਹੋਰ ਰਹਿਬਰਾਂ ਦੇ ਪ੍ਰਮੁੱਖ ਦਿਹਾੜੇ ਪ੍ਰਕਾਸ਼ਿਤ ਕੀਤੇ ਗਏ ਹਨ। ਕੈਲੰਡਰ ਦੇ ਹੇਠਾਂ ਖਾਲੀ ਛੱਡੀ ਪੱਟੀ ਵਿਚ ਸਪਾਂਸਰ ਦਾ ਨਾਂਅ ਵੀ ਛਪ ਸਕਦਾ ਹੈ। ਇਹ ਕੈਲੰਡਰ 5 ਰੁਪਏ ਦਾ ਹੈ।

## ਇਤਿਹਾਸਕ ਜੀਵਨੀ

ਸੰਸਥਾ ਪਾਸੋਂ ਸਤਿਗੁਰੂ ਰਵਿਦਾਸ ਜੀ ਦੀ 424 ਪੰਨਿਆਂ ਦੀ ਇਤਿਹਾਸਕ ਜੀਵਨੀ ਕੋਰੀਅਰ ਰਾਹੀਂ ਅੱਧੀ ਕੀਮਤ 'ਤੇ ਮੰਗਵਾਈ ਜਾ ਸਕਦੀ ਹੈ। ਇਤਿਹਾਸਕਾਰਾਂ, ਲੇਖਕਾਂ, ਬੁਲਾਰਿਆਂ, ਕਥਾਵਾਚਕਾਂ, ਰਾਗੀ ਜਥਿਆਂ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਲਈ ਇਹ ਪੁਸਤਕ ਬਹੁਤ ਜ਼ਰੂਰੀ ਅਤੇ ਲਾਹੇਵੰਦ ਹੈ। ਪੁਸਤਕ ਮੰਗਵਾਉਣ ਲਈ ਸੰਪਰਕ ਕਰੋ ਜੀ।

98725-88620

# ਵਿਸ਼ਵ ਸਾਂਝੀਵਾਲਤਾ ਦਾ ਸੰਕਲਪ - ਬੇਗਮਪੁਰਾ



ਐਡਵੋਕੇਟ ਪ੍ਰੋ. ਲਾਲ ਸਿੰਘ ਲੁਧਿਆਣਾ
94175-57751

*ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧ ॥*
*ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧ ॥ ਰਹਾਉ ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥*
*ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨ ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥*
*ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩ ॥੨ ॥ (ਪੰਨਾ 345)*

ਇਸ ਸ਼ਬਦ ਦੇ ਵਿਚਾਰਾਂ ਵਿਚ ਏਨੀ ਸਰਲਤਾ, ਏਨੀ ਸਪੱਸ਼ਟਤਾ, ਏਨੀ ਗਹਿਰਾਈ, ਏਨੀ ਗੰਭੀਰਤਾ, ਏਨੀ ਵਿਸ਼ਾਲਤਾ ਅਤੇ ਪਰਪੱਕਤਾ ਨਿਰੂਪਤ ਹੈ ਕਿ ਇਸ ਸ਼ਬਦ ਦੀ ਸਿਰਜਣਾ ਵਿਚ ਵਰਤਿਆ ਹਰ ਵਾਕ (ਤੁਕ) ਇਥੋਂ ਤੱਕ ਕਿ ਹਰ ਲਫ਼ਜ਼ ਸਿਧਾਂਤਕ ਗੁਣਾਂ ਦਾ ਧਾਰਨੀ ਬਣ ਗਿਆ ਹੈ। ਗਉੜੀ ਰਾਗ ਦੇ ਇਸ ਸ਼ਬਦ ਦਾ ਹਰ ਬੰਦ ਆਪਣੇ ਆਪ ਵਿਚ ਇਕ ਸਿਧਾਂਤ ਸਮੋਈ ਬੈਠਾ ਹੈ। ਇਸ ਦੀ ਪ੍ਰੋੜਤਾ ਭਾਰਤ ਦੇ ਪ੍ਰਸਿੱਧ ਸੰਗੀਤ-ਸ਼ਾਸਤਰੀਆਂ ਦੀ ਰਾਗ ਨਿਰਣਾਇਕ ਕਮੇਟੀ ਨੇ ਕੀਤੀ ਹੈ -

**"ਗਉੜੀ, ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਵਿਲਕਦੀ ਆਤਮਾ, ਕ੍ਰਿਪਾ ਦੀ ਜਾਚਣਾ ਕਰਦੀ ਹੈ ਤੇ ਆਪੇ ਦੀ ਖੋਜ ਕਰਦੀ ਹੈ, ਇਸ ਲਈ ਇਸ ਰਾਗ ਵਿਚ ਗੁਰੂ ਸਾਹਿਬ ਨੇ ਮਨ, ਮਤਿ, ਬੁੱਧੀ, ਆਤਮਾ, ਮੌਤ, ਮੁਕਤੀ ਆਦਿਕ ਗੰਭੀਰ ਵਿਸ਼ਿਆਂ ਵਿਚ ਗੁਰਬਾਣੀ ਉਚਾਰਨ ਕੀਤੀ ਹੈ।"**

ਗੁਰੂ ਰਵਿਦਾਸ ਜੀ ਮਹਾਨ ਚਿੰਤਕ ਹਨ। ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਡੂੰਘੀ ਸੋਚ, ਵਿਸ਼ਾਲ ਨਜ਼ਰੀਆ, ਵਿਸ਼ਵ-ਵਿਆਪੀ ਗਿਆਨ ਤੇ ਚਮਤਕਾਰੀ, ਕ੍ਰਾਂਤੀਕਾਰੀ ਵਿਗਿਆਨਕ ਪਹੁੰਚ ਨੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਸ਼ਵ-ਵਿਆਪੀ ਵਿਚਾਰਧਾਰਾ ਦੀ ਸਿਰਜਣਾ ਕੀਤੀ, ਜਿਹੜੀ ਅੱਜ ਦੇ ਵਿਸ਼ਵ ਦੇ ਮਹਾਨ ਚਿੰਤਕਾਂ ਦੀ ਵਿਚਾਰਧਾਰਾ ਨਾਲੋਂ ਕਿਤੇ ਵੱਧ ਵਿਗਿਆਨਕ, ਤਰਕਯੁਕਤ ਅਤੇ ਅਮਲ ਵਿਚ ਪੂਰੀ ਉਤਰਨ ਵਾਲੀ ਹੈ। ਇਸ ਦੀ ਪ੍ਰੋੜਤਾ ਕਰਦੇ ਡਾ. ਜੀਤ ਸਿੰਘ ਸੀਤਲ ਲਿਖਦੇ ਹਨ -

**"ਇਸ ਸੰਦਰਭ ਜਾਂ ਪ੍ਰਸੰਗ ਵਿਚ ਜਦ ਅਸੀਂ ਗੁਰੂ ਰਵਿਦਾਸ ਦੇ ਉਪਰਲੇ ਸ਼ਬਦ (ਬੇਗਮਪੁਰਾ ਸਹਰ ਕੋ ਨਾਉ ॥) ਨੂੰ ਵੇਖਦੇ ਹਾਂ ਤਾਂ ਵੱਡੇ-ਵੱਡੇ ਸਮਾਜ-ਵਿਗਿਆਨੀ, ਬੁੱਧੀਜੀਵੀ ਤੇ ਰਾਜਸੀ ਸ਼ਾਸਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ, ਲੈਨਿਨ ਆਦਿ ਵੀ ਸ਼ਾਇਦ ਅਜਿਹੇ ਸਮ-ਦੇਸ਼, ਸਮ-ਰਾਜ, ਸਮ-ਸ਼ਹਿਰੀ, ਸਮ-ਅਧਿਕਾਰੀ ਤੇ ਮਾਨਵ-ਵਤਨਗਾਹ ਦਾ ਸੰਕਲਪ ਨਾ ਕਰ ਸਕੇ।"** ਡਾ. ਸੀਤਲ ਹੋਰ ਲਿਖਦੇ ਹਨ -

ਡਾ. ਜੀਤ ਸਿੰਘ ਸੀਤਲ ਦੇ ਇਨ੍ਹਾਂ ਕਥਨਾਂ ਨਾਲ ਅਟੱਲ ਸੱਚਾਈ ਤੋਂ ਤਾਂ ਪਰਦਾ ਚੁੱਕਿਆ ਹੀ ਗਿਆ ਹੈ, ਉਨ੍ਹਾਂ ਨੇ ਗੁਰੂ ਰਵਿਦਾਸ ਜੀ ਨੂੰ ਇਕ ਮਹਾਨਤਮ ਚਿੰਤਕ ਦੇ ਤੌਰ 'ਤੇ ਵੀ ਤਰਕ ਨਾਲ

ਦਲੀਲਾਂ ਦੇ ਕੇ ਸਿੱਧ ਕੀਤਾ ਹੈ। ਇਸ ਸਬੰਧ ਵਿਚ ਡਾ. ਸੀਤਲ ਆਪ ਹੀ ਕਥਨ ਕਰਦੇ ਹਨ-

"ਕਿਸੇ ਭਗਤ (ਗੁਰੂ) ਨੇ ਅਜਿਹੇ ਰਾਜਸੀ, ਸਮਾਜਿਕ, ਆਰਥਿਕ ਜਾਂ ਭੂਗੋਲਿਕ ਅੰਤਰ-ਰਾਸ਼ਟਰੀ ਦੇਸ਼ ਦੀ ਸਥਾਪਨਾ ਦੀ ਗੱਲ ਨਹੀਂ ਕੀਤੀ। ਅੱਜ ਤੋਂ ਸਵਾ ਛੇ ਸੌ ਸਾਲ ਪਹਿਲਾਂ ਅਜਿਹੇ ਵਤਨ ਜਾਂ ਸਰਵ-ਮਾਨਵੀ ਦੇਸ਼ ਬਾਰੇ ਸੋਚਣਾ ਤੇ ਅਲ-ਐਲਾਨੀਆਂ ਉਸ ਦੀ ਰੂਪ ਰੇਖਾ ਉਲੀਕਣਾ ਗੁਰੂ ਰਵਿਦਾਸ ਜਿਹੇ ਵਿਸ਼ਵ-ਮਾਨਵ ਤੇ ਗੁਰੂ-ਰੂਪ ਭਗਤ ਦੇ ਹਿੱਸੇ ਹੀ ਆ ਸਕਿਆ। ਆਪਣੇ ਆਪ ਸਾਡਾ ਸੀਸ ਉਨ੍ਹਾਂ ਦੀ ਮਹਾਨ ਪ੍ਰਤਿਭਾ ਅੱਗੇ ਝੁਕ ਜਾਂਦਾ ਹੈ।"

ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਗੁਰੂ ਰਵਿਦਾਸ ਜੀ ਦੇ 'ਬੇਗ਼ਮਪੁਰਾ' ਦੀ ਵਿਚਾਰਧਾਰਾ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਨੂੰ ਰੂਸੋ ਅਤੇ ਵਾਲਟੇਅਰ ਦਾ ਪੂਰਵਜ਼ ਸਥਾਪਤ ਕਰਦੇ ਹਨ -

"ਰੂਸੋ ਦੇ ਸੁਤੰਤਰਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਜਿਨ੍ਹਾਂ ਵਿਚਾਰਾਂ ਨੂੰ ਇਹ ਸਮਝਿਆ ਜਾਂਦਾ ਹੈ ਕਿ ਇਹ ਸੰਸਾਰ ਵਿਚ ਇਕ ਨਵੀਂ ਵਿਚਾਰਕ ਕ੍ਰਾਂਤੀ ਦੇ ਜਨਮਦਾਤਾ ਹਨ। ਅਸਲ ਵਿਚ ਇਹ ਵਿਚਾਰ ਤਾਂ ਭਾਰਤੀ ਸੰਤ ਪਰੰਪਰਾ ਵਿਚ ਚੌਦਵੀਂ-ਪੰਦ੍ਰਵੀਂ ਸਦੀ ਵਿਚ ਪ੍ਰਚਾਰੇ ਗਏ। ਸੰਤ ਰਵਿਦਾਸ ਦੀ ਬਾਣੀ ਅਤੇ ਪ੍ਰਚਾਰ ਦਾ ਧੁਰਾ ਹੀ ਇਹ ਵਿਚਾਰ ਸਨ। ਇਉਂ ਭਗਤ (ਗੁਰੂ) ਰਵਿਦਾਸ ਜੀ ਵਿਚਾਰਕ ਕ੍ਰਾਂਤੀ ਵਿਚ ਰੂਸੋ, ਵਾਲਟੇਅਰ ਦੇ ਵੀ ਪੂਰਵਜ਼ ਸਥਾਪਿਤ ਹੁੰਦੇ ਹਨ।"

ਇਸ ਕਥਨ ਤੋਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਵਿਸ਼ਵ ਦੇ ਸਭ ਤੋਂ ਪਹਿਲੇ ਕ੍ਰਾਂਤੀਕਾਰੀ, ਵਿਚਾਰਧਾਰਕ ਅਤੇ ਪ੍ਰਚਾਰਕ ਸਨ।

ਡਾ. ਦਵੇਸ਼ਵਰ 'ਬੇਗ਼ਮਪੁਰਾ' ਦੀ ਵਿਚਾਰਧਾਰਾ ਦਾ ਅਧਿਐਨ ਕਰਨ ਪਿੱਛੋਂ ਲਿਖਦੇ ਹਨ -

"ਇਸ ਸ਼ਬਦ ਦੀ ਅੰਤਰਆਤਮਾ ਰਾਜਸੀ ਤੌਰ 'ਤੇ ਲੋਕਤੰਤਰ, ਆਰਥਿਕ ਤੌਰ 'ਤੇ ਸਮਾਜਵਾਦੀ ਰਾਜ ਅਤੇ ਆਤਮਕ ਤੌਰ 'ਤੇ ਇਕ ਕਲਾਮਈ ਜਗਤ ਜਿਸ ਵਿਚ ਸਤਿਅਮ, ਸ਼ਿਵਮ ਅਤੇ ਸੁੰਦਰਮ ਦਾ ਪਹਿਰਾ ਹੈ। ਹਰ ਵਿਅਕਤੀ ਦੇ ਸਰਵਪੱਖੀ ਵਿਕਾਸ ਲਈ ਇਥੇ ਪੂਰਨ ਅਵਸਰ ਪ੍ਰਾਪਤ ਹਨ।"

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦੁਨੀਆ ਦੇ ਸਭ ਤੋਂ ਪਹਿਲੇ ਕ੍ਰਾਂਤੀਕਾਰੀ, ਰਾਜਸੀ ਅਤੇ ਆਰਥਿਕ ਵਿਕਾਸ ਲਈ ਸਮਾਜਵਾਦੀ ਲੋਕਤੰਤਰ ਦੇ ਚਿੰਤਕ, ਸਮਾਜਕ ਤੌਰ 'ਤੇ ਵਿਸ਼ਵ ਭਾਈਚਾਰੇ ਦੇ ਸਿਰਜਕ ਅਤੇ ਉੱਚ ਪਾਏ ਦੇ ਅਧਿਆਤਮਵਾਦੀ ਹਨ। ਇਸ ਲਈ ਉਹ ਦੁਨੀਆ ਦੇ ਪਹਿਲੇ ਮਹਾਨਤਮ ਚਿੰਤਕ ਹਨ।

ਏਨੀ ਮਹਾਨਤਾ ਦੀ ਸਿਖਰ 'ਤੇ ਪਹੁੰਚ ਕੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਅਤੇ ਵਿਚਾਰਨ ਵਾਲੇ ਸਿੱਖ ਜਗਤ ਦੇ ਵਿਦਵਾਨਾਂ ਨੂੰ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਦੁਨੀਆ ਵਿਚ ਉਜਾਗਰ ਕਰਕੇ ਪ੍ਰਚਾਰਨ ਦਾ ਖਿਆਲ ਤੱਕ ਵੀ ਕਿਉਂ ਨਹੀਂ ਆਇਆ? ਇਸ ਦਾ ਕੀ ਕਾਰਣ ਹੈ? ਇਸ ਦਾ ਉੱਤਰ ਸ. ਕਰਤਾਰ ਸਿੰਘ ਵੈਦ ਬੜੇ ਬੇਧੜਕ ਹੋ ਕੇ ਦਿੰਦੇ ਸਪੱਸ਼ਟ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਅਛੂਤ ਹੋਣ ਕਾਰਨ ਗੁਰਮਤਿ ਦੇ ਖੇਤਰ ਵਿਚ ਪਛਾੜੇ ਗਏ ਹਨ। ਉਹ ਲਿਖਦੇ ਹਨ-

"ਗੁਰੂ ਰਵਿਦਾਸ ਜਿਥੇ ਉੱਚ ਕੋਟੀ ਦੇ ਅਧਿਆਤਮਕ ਸਨ, ਉਥੇ ਸਮਾਜਵਾਦੀ ਵਿਚਾਰਧਾਰਾ ਦੇ ਨੇਤਾ ਵੀ ਸਨ। ਕਲਿਆਣਕਾਰੀ ਰਾਜ (Welfare State) ਦੇ ਹਾਮੀ ਸਨ ਅਤੇ ਇਨਕਲਾਬ ਦੇ ਪੁਜਾਰੀ ਸਨ। ਗੁਰੂ ਰਵਿਦਾਸ ਜੀ ਦਾ ਜਲਾਲ ਇਸ ਕਰਕੇ ਜ਼ਿਆਦਾ ਹਰਮਨ ਪਿਆਰਾ ਨਹੀਂ ਬਣ ਸਕਿਆ, ਜਿੰਨਾ ਕਿ ਗੁਰਮਤਿ ਦਾ ਹੋ ਸਕਿਆ ਹੈ, ਕਿਉਂਕਿ ਇਨ੍ਹਾਂ ਦੇ ਨਾਮ ਲੇਵਾ ਆਰਥਿਕ, ਸਮਾਜਿਕ,

ਇਤਿਹਾਸਕ, ਰਾਜਨੀਤਕ ਅਤੇ ਸੱਭਿਆਚਾਰਕ ਤੌਰ 'ਤੇ ਪ੍ਰਵੀਨ ਨਹੀਂ ਸਨ, ਜਾਗਰੂਕ ਨਹੀਂ ਸਨ। ਪੱਛੜੀਆਂ ਜਾਤੀਆਂ ਦੇ ਗੁਰੂ-ਪੀਰ ਵੀ ਪਛਾੜੇ ਜਾਂਦੇ ਰਹੇ ਹਨ ਜਦਕਿ ਉਹ ਵੀ ਉਸੇ ਪਾਯਾਂ ਤਕਮੀਲ ਦੀ ਗੱਲ ਕਹਿੰਦੇ ਸਨ ਜਿਸ ਦੀ ਦੂਜੇ ਕਹਿੰਦੇ ਸਨ।"

ਸ. ਵੈਦ ਨੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਖਾਸ ਕਰਕੇ 'ਬੇਗ਼ਮਪੁਰਾ' ਦੀ ਅਦੁੱਤੀ, ਚਮਤਕਾਰੀ ਵਿਚਾਰਧਾਰਾ ਦਾ ਹਰਮਨ ਪਿਆਰਾ ਨਾ ਹੋਣ ਦੇ ਕਾਰਨ ਬੜੇ ਸਪੱਸ਼ਟ ਅਤੇ ਨਿਰਭੈ ਹੋ ਕੇ ਬਿਆਨ ਕੀਤੇ ਹਨ -

1. ਪਹਿਲਾ ਕਾਰਣ ਗੁਰੂ ਰਵਿਦਾਸ ਜੀ ਦੇ ਨਾਮ ਲੇਵਾ ਹਰ ਪੱਖ ਤੋਂ ਹੀ ਜਾਗਰੂਕ ਨਹੀਂ ਸਨ ਜਦਕਿ ਗੁਰਮਤਿ ਵਿਚ ਉੱਚੀਆਂ ਜਾਤੀਆਂ ਨਾਲ ਸਬੰਧਿਤ ਗੁਰੂਆਂ ਦੇ ਨਾਮ ਲੇਵਾ ਹਰ ਪੱਖੋਂ ਜਾਗਰੂਕ ਸਨ।

2. ਸਮਾਜਿਕ ਅਤੇ ਸੱਭਿਆਚਾਰਕ ਤੌਰ 'ਤੇ ਪਿਛੜੇ ਅਛੂਤਾਂ ਦੇ ਗੁਰੂਆਂ ਨੂੰ ਪਛਾੜਿਆ ਜਾਂਦਾ ਹੈ ਅਤੇ ਉੱਚ ਜਾਤੀ ਦੇ ਗੁਰੂਆਂ ਨੂੰ ਉਭਾਰਿਆ ਜਾਂਦਾ ਹੈ।

3. ਵੈਦ ਸਾਹਿਬ ਦੇ ਉਪਰੋਕਤ ਪੈਰੇ ਵਿੱਚੋਂ ਇਹ ਵੀ ਵਿਚਾਰ ਬਣਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਤ-ਪਾਤ ਅਤੇ ਛੂਤ-ਛਾਤ ਦੇ ਖੰਡਨ ਦੇ ਬਾਵਜੂਦ ਗੁਰੂ ਘਰ ਦੇ ਉੱਚੀ ਜਾਤੀ ਦੇ ਨਾਮ ਲੇਵਾ ਹਿੰਦੂਆਂ ਵਾਂਗ ਹੀ ਛੂਤ-ਛਾਤ ਦੀ ਪਾਲਣ ਕਰਦੇ ਹਨ। ਸਿੱਟੇ ਵਜੋਂ ਉਹ ਗੁਰੂ ਰਵਿਦਾਸ ਜੀ ਨੂੰ 'ਗੁਰੂ' ਹੀ ਨਹੀਂ ਮੰਨਦੇ, ਹਾਲਾਂਕਿ ਉਨ੍ਹਾਂ ਦੀ ਬਾਣੀ ਵਿੱਚੋਂ ਲਏ ਵਾਕ ਨੂੰ ਵੀ 'ਗੁਰ-ਵਾਕ' ਹੀ ਪ੍ਰਵਾਨ ਕੀਤਾ ਜਾਂਦਾ ਹੈ।

ਸੋ, ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦੇ ਸ਼ਬਦ 'ਬੇਗ਼ਮਪੁਰਾ' ਦੀ ਵਿਚਾਰਧਾਰਾ, ਦੁਨੀਆ ਦੀਆਂ ਵਿਚਾਰਧਾਰਾਵਾਂ ਨਾਲੋਂ ਹਰ ਪੱਖੋਂ ਉੱਤਮ ਹੈ। ਗੁਰੂ ਰਵਿਦਾਸ ਜੀ ਤੋਂ ਬਾਅਦ ਇਸ ਕਿਸਮ ਦੀ ਵਿਚਾਰਧਾਰਾ ਸੁਕਰਾਤ, ਪਲੈਟੋ, ਥਾਮਸਮੂਰ, ਰੂਸੋ, ਵਾਲਟੇਅਰ, ਮਾਰਕਸ ਏਂਜਲਸ, ਲੈਨਿਨ ਆਦਿ ਨੇ ਵੀ ਦਿੱਤੀ ਹੈ।


**ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਮਾਇਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਤੁਸੀਂ ਭੇਟਾ ਚੈੱਕ, ਮਨੀਆਰਡਰ, ਬੈਂਕ ਡਰਾਫ਼ਟ ਜਾਂ ਮੋਬਾਇਲ ਫ਼ੋਨ ਪੈਸਾ ਟ੍ਰਾਂਸਫਰ ਜ਼ਰੀਏ ਸੰਸਥਾ ਦੇ ਅਕਾਊਂਟ ਵਿਚ ਭੇਜ ਸਕਦੇ ਹੋ।**

**SRI GURU RAVIDASS MISSION PARCHAR SANSTHA PUNJAB (Regd.)**

**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨਿਸ਼ਚਿਤ ਮਿਤੀ 'ਤੇ ਕਿਉਂ ਨਹੀਂ?




**ਰਾਮਧਨ ਨਾਂਗਲੂ-ਭੋਗਪੁਰ-ਜਲੰਧਰ**
**98154-85844**


ਆਦਰਣੀਯ, ਸਤਿਕਾਰਯੋਗ ਪਰਮ ਪਿਤਾ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ (ਆਗਮਨ ਦਿਵਸ) ਭਾਵ ਜਨਮ ਦਿਹਾੜਾ ਹਰ ਵਰ੍ਹੇ ਭਿੰਨ-ਭਿੰਨ ਵੱਖ-ਵੱਖ ਮਿਤੀਆਂ ਨੂੰ ਆਉਂਦਾ ਹੈ। ਇਕ ਨਿਸ਼ਚਿਤ ਮਿਤੀ ਨੂੰ ਨਹੀਂ ਆਉਂਦਾ। ਕਿਸੇ ਸਾਲ ਇਹ ਦਿਹਾੜਾ ਜਨਵਰੀ ਦੇ ਅਖੀਰ 'ਤੇ ਆਉਂਦਾ ਹੈ ਤੇ ਕਿਸੇ ਸਾਲ ਫਰਵਰੀ ਦੇ ਅੰਤਲੇ ਸਪਤਾਹ (ਹਫ਼ਤੇ)। ਇਹ ਅਨਿਸ਼ਚਿਤਾ ਬਣੀ ਹੋਣ ਕਰਕੇ ਕਦੀ ਤਾਂ ਇਹ ਦਿਵਸ ਕੜਕਵੀਂ ਠੰਢ ਵਿਚ ਮਨਾਇਆ ਜਾਂਦਾ ਹੈ ਤੇ ਕਦੀ ਸਰਦੀ ਦੇ ਘੱਟ ਹੋਣ ਸਮੇਂ ਭਾਵ ਗਰਮੀ ਦੇ ਦਿਨ ਆਰੰਭ ਹੋਣ ਵੇਲੇ। ਉਦਾਹਰਣ ਵਜੋਂ ਪੂਜਣ ਯੋਗ ਗੁਰੂ ਜੀ ਦਾ 639ਵਾਂ ਪ੍ਰਕਾਸ਼ ਪੁਰਬ ਮਿਤੀ 22-02-2016 ਨੂੰ ਗਰਮੀ ਦੇ ਆਰੰਭ ਹੋਣ ਵੇਲੇ ਆਇਆ। ਅਗਲੇ ਸਾਲ 640ਵਾਂ ਮਿਤੀ 10-02-2017 ਨੂੰ ਕੁਝ ਪਿੱਛੇ ਹੱਟ ਕੇ ਇਸ ਤੋਂ ਅਗਲਾ 641ਵਾਂ ਪ੍ਰਕਾਸ਼ ਪੁਰਬ ਮਿਤੀ 31-01-2018 ਨੂੰ ਹੈ ਜਦੋਂ ਕਿ ਭਰਵੀਂ ਕੜਕਵੀਂ ਸਰਦੀ ਹੋਵੇਗੀ। ਫਿਰ ਅੱਗੋਂ 642ਵਾਂ ਪੁਰਬ ਮਿਤੀ 19-02-2019 ਨੂੰ ਢਲਦੀ ਸਰਦੀ ਵਿਚ ਆਵੇਗਾ। ਏਥੇ ਇਹ ਦਿਵਸ 15 ਮਾਘ ਨਹੀਂ 7 ਫੱਗਣ, 2075 ਬਿਕ੍ਰਮੀ ਨੂੰ ਆਉਂਦਾ ਹੈ। ਇਹ ਦਿਨ ਫੱਗਣ ਮਹੀਨੇ ਆਉਂਦਾ ਹੈ ਪਰ ਪੁੰਨਿਆਂ ਮਾਘ ਮਹੀਨੇ ਦੀ ਹੈ। ਇਹ ਪੁਰਬ ਮਿਤੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਹਰ ਤੀਜੇ ਵਰ੍ਹੇ ਪਰਿਵਰਤਨ ਹੁੰਦਾ ਹੈ। ਸੰਤ ਕਰਮਦਾਸ ਜੀ ਦੇ ਇਕ ਪ੍ਰਸਿੱਧ ਸਲੋਕ ਨੂੰ ਸਤਿਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਨਿਸ਼ਚਿਤ ਕੀਤਾ ਗਿਆਹੈ ਜੋ ਇਸ ਪ੍ਰਕਾਰ ਹੈ: **"ਚੌਦਾਂ ਸੈ ਤੈਂਤੀਸ ਕੀ, ਮਾਘ ਸੁਦੀ ਪੰਦਰਾਸ॥ ਦੁਖੀਉਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥"** ਇਹ ਮਿਤੀ ਬਿਕਰਮੀ ਸੰਮਤ ਦੀ ਮਾਘ ਸੁਦੀ (ਸ਼ੁਕਲ ਪਕਸ਼) ਭਾਵ ਉਜਲਾ ਅਰਥਾਤ ਚੰਦ ਦੀ ਚਾਨਣੀ ਵੇਲੇ ਤੇ 15,1433 (ਪੂਰਨਮਾਸ਼ੀ) ਜਿਸ ਨੂੰ ਵਿਦਵਾਨਾਂ ਨੇ ਈਸਵੀ ਸੰਨ ਵਿਚ ਬਦਲ ਕੇ 25 ਜਨਵਰੀ, 1377 ਈ. ਨਿਸ਼ਚਿਤ ਕੀਤਾ ਗਿਆ ਹੈ। ਭਾਵੇਂ ਵੱਖ-ਵੱਖ ਵਿਦਵਾਨਾਂ ਤੇ ਖੋਜੀਆਂ ਨੇ ਸੰਤ ਸਤਿਗੁਰੂ ਰਵਿਦਾਸ ਜੀ ਦੇ ਜਨਮ ਦੀਆਂ ਮਿਤੀਆਂ ਇਸ ਤੋਂ ਭਿੰਨ-ਭਿੰਨ ਵੀ ਦੱਸੀਆਂ ਹਨ ਪਰ ਵਰਤਮਾਨ ਵਿਚ ਇਸੇ ਈ. 25-01-1377 ਮਿਤੀ ਨੂੰ ਬਹੁਤੇ ਵਿਦਵਾਨਾਂ ਤੇ ਸ਼ਰਧਾਲੂਆਂ ਵੱਲੋਂ ਮਾਨਤਾ ਮਿਲੀ ਹੋਈ ਹੈ ਤੇ ਹਰ ਵਰ੍ਹੇ ਇਸੇ ਮਿਤੀ ਨੂੰ ਆਧਾਰ ਮਨ ਕੇ ਸਤਿਕਾਰਯੋਗ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਂਦਾ ਹੈ। ਇਸ ਮਿਤੀ ਪ੍ਰਥਾਏ ਖੋਜੀ ਵਿਦਵਾਨ ਸ੍ਰੀ ਡਾ. ਜਸਬੀਰ ਸਿੰਘ ਸਾਬਰ, ਸਾਬਕਾ ਪ੍ਰੋਫੈਸਰ ਗੁਰੂ ਰਵਿਦਾਸ ਚੇਅਰ, ਅੰਮ੍ਰਿਤਸਰ ਆਪਣੀ ਪੁਸਤਕ - ਪਾਵਨ ਗਾਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 26 'ਤੇ ਇਸ ਪ੍ਰਕਾਰ ਅੰਕਤ ਕਰਦੇ ਹਨ, "ਮਦਰਾਸ ਸਰਕਾਰ ਵੱਲੋਂ 1922 ਈ. ਵਿਚ ਛਾਪੇ ਸੁਆਮੀ ਕਨੂ ਪਿਲੇ ਦੇ ਕੈਲੰਡਰ ਅਨੁਸਾਰ ਇਸ ਦਿਨ 25 ਜਨਵਰੀ, 1377 ਈ. ਦਿਨ ਐਤਵਾਰ ਆਉਂਦਾ ਹੈ ਤੇ ਏਸੇ ਦਿਨ ਪੂਰਨਮਾਸ਼ੀ ਵੀ ਹੈ॥"

ਪਰ ਸ੍ਰੀ ਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਹਰ ਸਾਲ 25 ਜਨਵਰੀ, 1377 ਈ. ਅਨੁਸਾਰ ਸੌਰਵਰਸ਼ (ਸੂਰਜੀ ਸਾਲ) ਅਨੁਸਾਰ ਨਾ ਮਨਾ ਕੇ ਚੰਦਰ ਵਰਸ਼ (ਚੰਦਰਮਾ ਸਾਲ) ਮਾਘ ਸੁਦੀ ਪੰਦਰਾਸ

ਸੰਮਤ 1433 ਬਿਕਰਮੀ ਅਨੁਸਾਰ ਮਨਾਇਆ ਜਾਂਦਾ ਹੈ। ਏਸੇ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਹਰ ਸਾਲ ਅਦਲ ਬਦਲ ਮਿਤੀਆਂ ਨੂੰ ਆਉਂਦਾ ਹੈ। ਇਹ ਅਦਲਾ ਬਦਲੀ ਚੱਕਰ ਕਿਉਂ ਚੱਲਦਾ ਹੈ ਕਿਉਂਕਿ ਸੂਰਜੀ ਵਰ੍ਹੇ ਅਤੇ ਚੰਦਰ ਵਰ੍ਹੇ ਵਿਚ ਅੰਤਰ ਪਾਇਆ ਜਾਂਦਾ ਹੈ ਜੋ ਹੇਠ ਲਿਖੀ ਸਾਰਣੀ ਤੋਂ ਸਪੱਸ਼ਟ ਹੁੰਦਾ ਹੈ –

| ਸਮਾਂ | ਦਿਨ | ਘੰਟੇ | ਮਿੰਟ | ਸੈਕਿੰਡ |
|---|---|---|---|---|
| ਸੂਰਜੀ ਵਰਸ਼ | 365 | 05 | 45 | 46 |
| ਚੰਦਰ ਵਰਸ਼ | 354 | 08 | 46 | 36 |
| ਦੋਹਾਂ ਵਿਚ ਅੰਤਰ | 10 | 20 | 59 | 10 |

(ਲਗਭਗ = 10 ਦਿਨ 21 ਘੰਟੇ)

ਇਸ ਸੂਰਜ ਦੀ ਗਤੀ ਅਤੇ ਚੰਨ ਦੀ ਗਤੀ ਨਾਲ ਮਿੱਥੇ ਸਮੇਂ ਅਨੁਸਾਰ ਪਹਿਲਾਂ ਚੰਨ ਦੀਆਂ ਗਤੀਆਂ ਅਨੁਸਾਰ 15 ਮਾਘ ਪੂਰਨਮਾਸ਼ੀ ਦਾ ਦਿਨ ਕੱਢਿਆ ਜਾਂਦਾ ਹੈ ਫਿਰ ਉਸ ਨੂੰ ਸੂਰਜੀ ਵਰ੍ਹੇ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ। ਦੋਹਾਂ ਵਰ੍ਹਿਆਂ ਵਿਚ 10 ਦਿਨ 21 ਘੰਟਿਆਂ ਦਾ ਅੰਤਰ ਹੋਣ ਕਰਕੇ ਈਸਵੀ ਸੂਰਜੀ ਸੰਨ (ਸਾਲ) ਦੀ ਮਿਤੀ ਬਦਲਦੀ ਰਹਿੰਦੀ ਹੈ। ਜਿਥੇ ਸੂਰਜ ਦੇ ਸਾਲ ਦੇ 12 ਮਹੀਨੇ ਬੀਤਦੇ ਹਨ ਉਥੇ ਚੰਨ ਦੇ ਵਰ੍ਹੇ ਦੇ 12 ਮਹੀਨੇ 10 ਦਿਨ 21 ਘੰਟੇ ਬੀਤਦੇ ਹਨ। ਇਹਨਾਂ ਦੋਹਾਂ ਵਰ੍ਹਿਆਂ ਨੂੰ ਸਮਾਨਤਾ ਦੇਣ ਲਈ ਹਰ ਤੀਜੇ ਸਾਲ ਇਕ ਚੰਦਰ ਮਹੀਨਾ ਵੱਧ ਜਾਂਦਾ ਹੈ। ਭਾਵ ਚੰਨ ਦਾ ਹਰ ਤੀਜਾ ਸਾਲ 13 ਮਹੀਨਿਆਂ ਦਾ ਹੋ ਜਾਂਦਾ ਹੈ। ਇਸ ਤਰ੍ਹਾਂ 15 ਮਾਘ ਪੂਰਨਮਾਸ਼ੀ ਅੱਗੇ ਚਲਿਆ ਜਾਂਦਾ ਹੈ ਤੇ ਸੂਰਜੀ ਮਹੀਨਾ ਪਹਿਲਾਂ ਆ ਜਾਣ ਕਰਕੇ 15 ਮਾਘ ਦੀ ਜਨਮ ਮਿਤੀ ਪਹਿਲਾਂ ਭਾਵ ਜਨਵਰੀ ਦੇ ਅੰਤ ਜਾਂ ਫਿਰ ਫਰਵਰੀ ਦੇ ਆਰੰਭ ਵਿਚ ਆ ਜਾਂਦੀ ਹੈ। ਫਿਰ ਦੋ ਸਾਲ ਅੱਗੇ ਵਧਦੀ ਹੈ ਤੇ ਹਰ ਤੀਜੇ ਸਾਲ ਪਿੱਛੇ ਚਲੀ ਜਾਂਦੀ ਹੈ। ਏਹੋ ਕਾਰਨ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਸੂਰਜੀ ਜਨਮ ਦਿਹਾੜੇ ਵਿਚ ਸਥਿਰਤਾ ਨਹੀਂ ਰਹਿੰਦੀ ਜੋ ਇਕ ਘਾਟ ਹੈ। ਭੰਬਲ ਭੂਸਾ ਹੈ। ਭੁੱਲ ਭਲੱਈਆ ਹੈ।

ਇਹ ਜਾਨਣਾ ਹੋਵੇ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਪੁਰਬ ਕਿਹੜੇ ਵਰ੍ਹੇ ਕਿਸੇ ਮਿਤੀ ਨੂੰ ਹੋਵੇਗਾ ਇਸ ਦਾ ਪਤਾ ਸਾਨੂੰ ਜੰਤਰੀਆਂ-ਡਾਇਰੀਆਂ-ਕੈਲੰਡਰਾਂ ਤੋਂ ਖੋਜਣਾ ਪੈਂਦਾ ਹੈ। ਇਹ ਇਕ ਬਹੁਤ ਹੀ ਕਠਨ ਪ੍ਰਕਿਰਿਆ ਹੈ। ਸਾਨੂੰ ਦੂਜਿਆਂ 'ਤੇ ਨਿਰਭਰ ਹੋਣਾ ਪੈਂਦਾ ਹੈ। ਜੇਕਰ ਅਸੀਂ ਸਤਿਗੁਰੂ ਜੀ ਦਾ ਜਨਮ ਦਿਹਾੜਾ ਪਿਛਲੇ ਬੀਤੇ ਸਾਲਾਂ ਵਿਚ ਲੱਭਣਾ ਹੋਵੇ ਤਾਂ ਅਸੀਂ ਪੂਰਨ ਰੂਪ ਵਿਚ ਹਨ੍ਹੇਰੇ ਵਿਚ ਗੁੰਮ ਹੋ ਜਾਂਦੇ ਹਾਂ, ਭਟਕਦੇ ਹੀ ਰਹਿ ਜਾਂਦੇ ਹਾਂ ਤਾਂ ਵੀ ਸਾਨੂੰ ਪਤਾ ਨਹੀਂ ਲੱਗ ਸਕਦਾ। ਇਹਨਾਂ ਦਾ ਵੇਰਵਾ ਜਾਨਣ ਲਈ ਸਾਨੂੰ ਜੰਤਰੀਆਂ ਦਾ ਗੁਲਾਮ (ਦਾਸ) ਹੋਣਾ ਪਵੇਗਾ। ਜੋ ਅਨਪੜ੍ਹ ਹੋਵੇ ਉਹ ਕੀ ਕਰੇਗਾ। ਇਸ ਲਈ ਸਾਨੂੰ ਆਪਣੇ ਸਤਿਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਇਕ ਨਿਸ਼ਚਿਤ ਭਾਵ ਸਥਿਰ ਮਿਤੀ ਨੂੰ ਨਿਰਧਾਰਿਤ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਸੌਖਿਆਂ ਹੀ ਲੱਭ ਸਕੀਏ ਕਿ ਬੀਤੇ ਪਿਛਲੇ ਵਰ੍ਹਿਆਂ ਵਿਚ ਇਹ ਦਿਹਾੜਾ ਕਦੋਂ ਮਨਾਇਆ ਸੀ, ਉਸ ਦਿਨ ਅਸੀਂ ਕਿੱਥੇ ਸੀ, ਉਸ ਦਿਹਾੜੇ ਅਸੀਂ ਹੋਰ ਕੋਈ ਕਿਹੜਾ ਕਾਰਜ ਕੀਤਾ, ਉਸ ਵਰ੍ਹੇ ਅਸੀਂ ਕਿਸ ਕਿਸ ਨੂੰ ਮਿਲੇ। ਇਹ ਅਮੁਲੀ ਯਾਦ ਸਾਡੀ ਯਾਦ ਸ਼ਕਤੀ ਵਿਚ ਕਿਸੇ ਵਿਸ਼ੇਸ਼ ਉੱਦਮ ਤੋਂ ਬਿਨਾਂ ਹੀ ਬਣੀ ਰਹੇਗੀ। ਉਹ ਦਿਹਾੜਾ ਮਿੱਠੀ ਯਾਦ ਬਣਿਆ ਰਹੇਗਾ। ਏਸੇ ਪ੍ਰਕਾਰ ਅਸੀਂ ਇਹ ਜਾਨਣਾ ਹੋਵੇ ਕਿ ਸਤਿਗੁਰੂ ਜੀ ਦਾ ਆਉਣ ਵਾਲੇ ਸਮੇਂ ਵਿਚ ਪਾਵਨ ਦਿਹਾੜਾ ਕਦੋਂ ਆਉਣਾ ਹੈ। ਇਹ ਸਾਡੀ ਬੁੱਧੀ ਜਾਂ ਦਿਮਾਗ਼ ਦੇ

ਪਟਲ (ਪਰਦੇ) 'ਤੇ ਪਹਿਲਾਂ ਹੀ ਲਿਖਿਆ ਗਿਆ ਹੋਇਆ ਮਿਲੇਗਾ ਤੇ ਅਸੀਂ ਝੱਟ ਆਪਣੀ ਭਵਿੱਖ ਦੀ ਕਾਰਜ ਸਾਰਣੀ ਘੜ ਲਵਾਂਗੇ। ਕਿਸ ਕਿਸ ਨੂੰ ਮਿਲਣਾ ਹੈ। ਇਸ ਨਿਸ਼ਚਿਤ ਸਮੇਂ ਕਿਥੇ ਕਿਥੇ ਜਾਣਾ ਹੈ। ਆਪਣੇ ਜਾਣ ਵਾਸਤੇ ਕਦੋਂ ਛੁੱਟੀ ਲਈ ਬੇਨਤੀ ਪੱਤਰ ਦੇਣਾ ਹੈ। ਅਸੀਂ ਪ੍ਰਦੇਸ਼ੋਂ ਆਪਣੇ ਦੇਸ਼ ਕਦੋਂ ਜਾਣਾ ਹੈ। ਭਵਿੱਖ ਦੇ ਕਾਰਜ ਲਈ ਵਿਉਂਤਬੰਦੀ ਸਾਡੇ ਦਿਮਾਗ਼ ਦੇ ਪਟਲ 'ਤੇ ਕੁੱਝ ਸੈਕਿੰਡਾਂ ਵਿਚ ਹੀ ਸਥਾਈ ਰੂਪ ਵਿਚ ਉਕਰ ਜਾਵੇਗੀ। ਪਾਠਕੋ ! ਥੋੜ੍ਹਾ ਜਿਹਾ ਸੋਚ ਕੇ ਦੱਸੋ ਕੀ ਇਹ ਸਰਲ ਪ੍ਰਾਪਤੀ ਸਾਨੂੰ ਹਰ ਵਰ੍ਹੇ ਅਨਿਸ਼ਚਿਤ ਮਿਤੀਆਂ ਮਨਾਉਣ ਨਾਲ ਪ੍ਰਾਪਤ ਹੋ ਜਾਵੇਗੀ? ਜੇ ਨਹੀਂ ! ਤਾਂ ਆਓ ਅਸੀਂ ਆਪਣੇ ਪੂਜਣਯੋਗ ਸ੍ਰੀ ਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਮਨਾਉਣ ਦੀ ਪਾਵਨ ਮਿਤੀ ਨੂੰ ਹਰ ਵਰ੍ਹੇ ਨਿਸ਼ਚਿਤ ਕਰਕੇ ਮਨਾਈਏ। ਭਾਵ ਹਰ ਵਰ੍ਹੇ ਗੁਰੂ ਜੀ ਦੇ ਗੁਰਪੁਰਬ ਈਸਵੀ ਦੀ ਨਿਸ਼ਚਿਤ ਮਿਤੀ ਨੂੰ ਮਨਾਈਏ।

ਅਸੀਂ ਆਪਣੇ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪਾਵਨ ਪੁਰਬ ਈਸਵੀ ਦੇ ਸੰਨ ਅਨੁਸਾਰ ਮਨਾਉਣ ਲਈ ਗੁਰੂ ਮਹਾਰਾਜ ਜੀ ਦੀ ਨਾਮ ਲੇਵਾ ਸੰਗਤ ਦੇ ਚਰਨਾਂ ਵਿਚ ਕਿਉਂ ਰੱਖ ਰਹੇ ਹਾਂ ਇਸ ਦਾ ਪਹਿਲਾ ਕਾਰਨ ਤਾਂ ਇਹ ਹੈ ਕਿ ਅਸੀਂ ਆਪਣਾ ਹਰ ਇਕ ਕੰਮ ਧੰਦਾ, ਜਨਮ ਦਿਹਾੜੇ ਈਸਵੀ ਸੰਨ ਦੀਆਂ ਮਿਤੀਆਂ ਅਨੁਸਾਰ ਨਿਸ਼ਚਿਤ ਕਰਕੇ ਮਨਾਉਂਦੇ ਹਾਂ। ਦੂਜਾ ਕਾਰਨ ਹੈ ਕਿ ਹਰ ਤਿੰਨ ਸਾਲ ਮਗਰੋਂ ਸੂਰਜੀ ਵਰ੍ਹੇ 36 ਮਹੀਨੇ ਦੇ ਹੋ ਜਾਂਦੇ ਹਨ ਅਤੇ ਚੰਦਰ ਵਰ੍ਹੇ 37 ਮਹੀਨੇ ਦੇ ਹੋ ਜਾਣ ਕਰਕੇ ਦੋਵੇਂ ਸੂਰਜੀ ਵਰ੍ਹੇ ਤੇ ਚੰਦਰ ਵਰ੍ਹੇ ਨੂੰ ਇਕਸਾਰਤਾ ਕਰਨ ਲਈ ਚੰਦਰ ਵਰ੍ਹੇ ਦੇ ਇਕ ਵਾਧੂ ਮਹੀਨੇ ਨੂੰ ਤਿਆਗ ਕੇ ਭਾਵ ਛੱਡ ਕੇ ਦੋਹਾਂ ਵਰ੍ਹਿਆਂ (ਸਾਲਾਂ) ਵਿਚ ਇਕਸਾਰਤਾ ਲਿਆਂਦੀ ਜਾਂਦੀ ਹੈ। ਜਿਸ ਨਾਲ ਹਰ ਇਤਿਹਾਸਿਕ ਪੁਰਬ ਜਾਂ ਘਟਨਾ ਦੀ ਮਿਤੀ ਵਿਚ ਅਨਿਸ਼ਚਿਤਾ ਆ ਜਾਂਦੀ ਹੈ ਭਾਵ ਜਨਮ ਦਿਨ ਜਾਂ ਘਟਨਾ ਚਲਦੀ ਫਿਰਦੀ ਬਣ ਜਾਂਦੀ ਹੈ। ਜੋ ਸਾਡੀ ਬੌਧਿਕਤਾ ਵਾਸਤੇ ਜਾਂ ਯਾਦ ਸ਼ਕਤੀ ਵਾਸਤੇ ਇਕ ਸਮੱਸਿਆ ਬਣ ਜਾਂਦੀ ਹੈ। ਇਸ ਸਮੱਸਿਆ ਦੇ ਹੱਲ ਲਈ ਕਿਸੇ ਜਨਮ ਮਿਤੀ ਜਾਂ ਘਟਨਾ ਨੂੰ ਸੌਰ ਵਰ੍ਹੇ (ਸੂਰਜੀ ਸਾਲ) ਅਨੁਸਾਰ ਮਨਾਉਣਾ ਹੀ ਉਚਿਤ ਢੁਕਵਾਂ ਤੇ ਸਹੀ ਹੈ। ਕਿਸੇ ਦਿਵਸ ਜਾਂ ਘਟਨਾ ਜਾਂ ਪ੍ਰਕਾਸ਼ ਪੁਰਬ ਨੂੰ ਬਿਕ੍ਰਮੀ ਜਾਂ ਸਾਕਾ ਜਾਂ ਕੋਈ ਹੋਰ ਸੰਮਤ ਦੇ ਸਾਲ ਦੇ ਮਹੀਨੇ ਮਨਾਇਆ ਜਾਵੇ ਤਾਂ ਉਹਨਾਂ ਮਹੀਨਿਆਂ ਦੇ ਦਿਨ ਵੀ ਘਟਦੇ ਜਾਂ ਵਧਦੇ ਰਹਿੰਦੇ ਹਨ। ਜਿਸ ਪ੍ਰਕਾਰ ਕਦੀ ਕੋਈ ਮਹੀਨਾ 30 ਦਿਨਾਂ ਦਾ ਹੁੰਦੀ ਹੈ ਕਦੀ 31 ਦਿਨਾਂ ਦਾ ਅਤੇ ਕਦੀ 32 ਦਿਨਾਂ ਦਾ।

ਅੱਜਕਲ੍ਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਚਰਚਾ ਚੱਲ ਰਹੀ ਹੈ। ਇਹ ਦਿਹਾੜਾ ਪੋਹ ਸੁਦੀ 7 ਨੂੰ ਮਨਾਇਆ ਜਾਂਦਾ ਹੈ। ਇਸ ਵਿਚ ਵੀ ਬਹੁਤ ਸਾਰੀਆਂ ਭੁੱਲ ਭੁਲੱਈਆਂ ਭੁੱਲਾਂ ਪਾਉਂਦੀਆਂ ਹਨ। ਰੋਜ਼ਾਨਾ ਸਪੋਕਸਮੈਨ (ਪੰਜਾਬੀ) ਵਿਚ ਸ੍ਰੀ ਵਕੀਲ ਸਿੰਘ ਬਰਾੜ-ਪਿੰਡ ਮੌਜਗੜ੍ਹ (ਸਿਰਸਾ) ਮਿਤੀ 27-11-2017 ਦੇ ਪਰਚੇ (ਅਖ਼ਬਾਰ) ਵਿਚ ਇਕਸਾਰਨੀ ਦਿੰਦੇ ਹਨ। ਇਸ ਅਨੁਸਾਰ ਵੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਦਿਹਾੜੇ ਵਿਚ ਬਹੁਤ ਸਾਰੀ ਅਨਿਸ਼ਚਿਤਾ ਆਉਂਦੀ ਹੈ। ਜੋ ਉਹਨਾਂ ਦੀ ਸਾਰਣੀ ਅਨੁਸਾਰ ਇਸ ਪ੍ਰਕਾਰ ਹੈ -

| ਸਾਲ | ਦੇਸੀ ਮਹੀਨੇ ਦੀ ਮਿਤੀ | ਈਸਵੀ ਸਾਲ | ਦਿਨ |
|---|---|---|---|
| 2012 | ਪੋਹ ਸੁਦੀ 7 | ਪ੍ਰਕਾਸ਼ ਦਿਹਾੜਾ ਆਇਆ ਹੀ ਨਹੀਂ | |
| 2013 | ਪੋਹ ਸੁਦੀ 7 | 18 ਜਨਵਰੀ | 383 |
| 2014 | ਪੋਹ ਸੁਦੀ 7 | 7 ਜਨਵਰੀ | 354 |

| | | | |
|---|---|---|---|
| 2014 | ਪੋਹ ਸੁਦੀ 7 | 28 ਦਸੰਬਰ | 354 (ਦੋ ਵਾਰੀ) |
| 2015 | ਪੋਹ ਸੁਦੀ 7 | ਪ੍ਰਕਾਸ਼ ਦਿਹਾੜਾ ਆਇਆ ਹੀ ਨਹੀਂ | |
| 2016 | ਪੋਹ ਸੁਦੀ 7 | 16 ਜਨਵਰੀ | 384 |
| 2017 | ਪੋਹ ਸੁਦੀ 7 | 5 ਜਨਵਰੀ | 354 |
| 2017 | ਪੋਹ ਸੁਦੀ 7 | 25 ਦਸੰਬਰ | 354 (ਦੋ ਵਾਰੀ) |
| 2018 | ਪੋਹ ਸੁਦੀ 7 | ਪ੍ਰਕਾਸ਼ ਦਿਹਾੜਾ ਆਇਆ ਹੀ ਨਹੀਂ | |

ਇਸ ਅਨਿਸ਼ਚਿਤਤਾ ਤੋਂ ਮੁਕਤੀ ਪਾਉਣ ਦਾ ਇਕੋ ਇਕ ਹੱਲ ਹੈ ਕਿ ਅਸੀਂ ਈਸਵੀ ਸੰਨ ਅਨੁਸਾਰ ਇਕ ਪੱਕੀ ਮਿਤੀ ਨਿਸ਼ਚਿਤ ਕਰਕੇ ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਦਾ ਅਤੇ ਮੂਲ ਨਾਨਕਸ਼ਾਹੀ ਕਲੰਡਰ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਪੁਰਬ-ਆਗਮਨ ਦਿਵਸ ਜਨਮ ਦਿਹਾੜਾ ਸ਼ਰਧਾ ਤੇ ਪ੍ਰੇਮ ਪੂਰਵਕ ਮਨਾਈਏ। ਏਹੋ ਆਪਣੇ ਗੁਰੂਆਂ ਪ੍ਰਤੀ ਸਤਿਕਾਰ ਹੈ।




# ਸਤਿਗੁਰ ਰਵਿਦਾਸ ਜੀ ਦੀ ਸੰਤ ਨਰਸਿੰਘ ਮਹਿਤਾ ਉੱਪਰ ਕ੍ਰਿਪਾ ਹੋਣੀ

## (ਜੂਨਾਗੜ੍ਹ (ਗੁਜਰਾਤ) ਦੇ ਇਤਿਹਾਸ 'ਚੋਂ)

ਕਾਂਸ਼ੀ ਰਾਮ 'ਕਲੇਰ' ਜੰਡੂ ਸਿੰਘਾ ਜਲੰਧਰ
98153-06544



'ਚਮਾਰ' ਜਾਤੀ ਦੇ ਲੋਕਾਂ ਲਈ ਇਹ ਦੁਖਾਂਤ ਰਿਹਾ ਹੈ ਕਿ ਮੰਨੂਵਾਦੀ ਸੋਚ ਦੇ ਲੋਕਾਂ ਵੱਲੋਂ ਮਾਨਸਿਕ ਗੁਲਾਮ ਬਣਾਏ ਇਸ ਸਮਾਜ ਦੇ ਲੋਕ ਸਦੀਆਂ ਤੋਂ ਧਾਰਮਿਕ ਅਤੇ ਸਮਾਜਿਕ ਗੁਲਾਮੀ ਦੀ ਚੱਕੀ ਵਿਚ ਪਿਸਦੇ ਰਹੇ। ਆਜ਼ਾਦ ਭਾਰਤ ਵਿਚ ਡਾ. ਭੀਮ ਰਾਓ ਅੰਬੇਡਕਰ ਜੀ ਦੀ ਅਣਥੱਕ ਘਾਲਣਾ ਸਦਕਾ ਸਾਨੂੰ ਸੰਵਿਧਾਨ ਰਾਹੀਂ ਸਾਰੇ ਹੱਕ-ਹਕੂਕ ਮਿਲੇ। ਇਸ ਰਾਹੀਂ ਮਿਲੀ ਰਾਜਨੀਤਿਕ ਆਜ਼ਾਦੀ ਦਾ ਨਿੱਘ ਮਾਣਦੇ ਹੋਏ ਲੋਕਾਂ ਦੇ ਆਪਣੇ ਜੀਵਨ ਪੱਧਰ ਵਿਚ ਸਰਬ-ਪੱਖੀ ਵਿਕਾਸ ਜ਼ਰੂਰ ਹੋਇਆ ਹੈ ਪਰ ਉਨ੍ਹਾਂ ਲੋਕਾਂ ਨੇ ਆਪਣੇ ਸਮਾਜਿਕ ਤੇ ਧਾਰਮਿਕ ਜੀਵਨ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਿੰਨਾ ਕਿ ਉਨ੍ਹਾਂ ਨੂੰ ਦੇਣਾ ਚਾਹੀਦਾ ਸੀ। ਸਾਡੇ ਮਹਾਨ ਸੰਤਾਂ ਮਹਾਂਪੁਰਸ਼ਾਂ, ਲੇਖਕਾਂ, ਬੁੱਧੀਜੀਵੀ ਲੋਕਾਂ ਅਤੇ ਮਿਸ਼ਨਰੀ ਭਾਵਨਾ ਵਾਲੇ ਲੋਕਾਂ ਦੀ ਬਦੌਲਤ ਅੱਜ ਸਮਾਜ ਵਿਚ ਬਹੁਤ ਤਬਦੀਲੀ ਅਤੇ ਚੇਤੰਨਤਾ ਆਈ ਹੈ ਜਿਸ ਵਿਚ ਸਭ ਤੋਂ ਵੱਡਾ ਯੋਗਦਾਨ ਸ੍ਰੀ 108 ਸੰਤ ਸਰਵਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਅਤੇ ਉਨ੍ਹਾਂ ਦੇ ਪੈਰੋਕਾਰ ਸੰਤਾਂ-ਮਹਾਂਪੁਰਸ਼ਾਂ ਦਾ ਰਿਹਾ ਹੈ।

ਸਤਿਗੁਰੂ ਰਵਿਦਾਸ ਜੀ ਨਾਲ ਜੁੜਿਆ ਹੋਇਆ ਬਹੁਤ ਸਾਰਾ ਇਤਿਹਾਸ ਸਾਹਮਣੇ ਆ ਰਿਹਾ ਹੈ ਜਿਸ ਨੂੰ ਸਮੇਂ ਦੇ ਅਖੌਤੀ ਮੰਨੂਵਾਦੀ ਸਮਾਜ ਵੱਲੋਂ ਦਬਾਇਆ ਹੀ ਨਹੀਂ ਗਿਆ ਸਗੋਂ ਅਣਗੌਲਿਆ ਕੀਤਾ ਤੇ ਆਪਣੇ ਤਰੀਕੇ ਨਾਲ ਬਦਲਿਆ ਵੀ ਗਿਆ। ਅਜਿਹਾ ਹੀ ਜ਼ਿਕਰ ਇਸ ਲਿਖਤ ਵਿਚ

ਕੀਤਾ ਜਾ ਰਿਹਾ ਹੈ। ਪਿਛਲੇ ਟ੍ਰੈਕਟ ਵਿਚ ਦਾਸ ਵੱਲੋਂ ਇਕ ਲੇਖ ਰਾਹੀਂ ਜੂਨਾਗੜ੍ਹ ਦੇ ਅੰਮ੍ਰਿਤ ਕੁੰਡ ਬਾਰੇ ਲਿਖਿਆ ਸੀ ਜੋ ਕਈ ਮੈਗਜ਼ੀਨ, ਰਸਾਲਿਆਂ ਵਿਚ ਛਪਿਆ ਅਤੇ ਸੰਗਤਾਂ ਵੱਲੋਂ ਭਰਪੂਰ ਸ਼ਲਾਘਾ ਹੋਈ। ਬੀਤੇ ਸਮੇਂ ਤੋਂ ਹੀ ਦਾਸ ਗੁਜਰਾਤ ਦੇ ਸੰਤਾਂ ਮਹਾਂਪੁਰਸ਼ਾਂ ਅਤੇ ਮਿਸ਼ਨਰੀ ਲੋਕਾਂ ਦੇ ਸੰਪਰਕ ਵਿਚ ਸੀ ਅਤੇ ਉਸਦੇ ਨਾਲ-ਨਾਲ ਉਨ੍ਹਾਂ ਬੁੱਧੀਜੀਵੀ ਲੋਕਾਂ ਦੀ ਪਕੜ ਵਿਚ ਵੀ ਸੀ ਜਿਨ੍ਹਾਂ ਨੇ ਇਸ ਸਥਾਨਾਂ ਦੇ ਦਰਸ਼ਨ ਦੀਦਾਰੇ ਵੀ ਕੀਤੇ ਹਨ। ਗੁਜਰਾਤੀ ਦਸਤਾਵੇਜ਼ ਪੜ੍ਹਨ ਦੀ ਬਹੁਤ ਵੱਡੀ ਸਮੱਸਿਆ ਹੈ ਜਿਨ੍ਹਾਂ ਦਾ ਅਨੁਵਾਦ ਹਿੰਦੀ ਵਿਚ ਕਰਨ ਲਈ ਸ੍ਰੀ ਮਾਨ ਜੈਅੰਤੀ ਭਾਈ, ਸ੍ਰੀ ਦਯਾ ਭਾਈ ਸੰਗਠੀਆ ਐਕਸੀਅਨ (ਬਿਲਡਿੰਗ ਐਂਡਰੋਡ) GSEB. ਰਿਟਾਇਰਡ ਗੁਜਰਾਤ ਅਤੇ ਸ੍ਰੀ ਰਮੇਸ਼ ਭਾਈ ਮੱਦਦ ਕਰ ਰਹੇ ਹਨ। ਖਾਸ ਤੌਰ 'ਤੇ ਸ੍ਰੀਮਾਨ ਹੁਕਮ ਚੰਦ ਜੀ (ਰਿਟਾਇਰਡ ਜੱਜ) ਅਤੇ ਸ੍ਰੀ ਸ਼ੰਕਰ ਦਾਸ ਜੀ (ਚੀਫ਼ ਮੈਨੇਜਰ ਪੀ.ਐਨ.ਬੀ.) ਰਿਟਾਇਰਡ ਜਿਨ੍ਹਾਂ ਨੇ ਕਈ ਵਾਰ ਗੰਭੀਰ ਵਿਚਾਰ-ਵਟਾਂਦਰਾ ਕਰਕੇ ਗੁਜਰਾਤ ਦੇ ਧਾਰਮਿਕ ਸਥਾਨਾਂ ਦਾ ਜ਼ਿਕਰ ਕੀਤਾ ਹੈ, ਮੇਰਾ ਮਾਰਗ-ਦਰਸ਼ਨ ਕਰ ਰਹੇ ਹਨ। ਸਤਿਗੁਰੂ ਕਬੀਰ ਸਾਹਿਬ ਦਾ ਫੁਰਮਾਨ ਹੈ -

**ਸਾਧਨ ਮੇਂ ਰੈਦਾਸ ਸੰਤ ਹੈ, ਸੁਪਚ ਰਿਸ਼ੀ ਸੋ ਭੰਗਿਯਾਂ ॥**
**ਹਿੰਦੂ ਤੁਰਕ ਦੁਈ ਦੀਨ ਬਨੇ ਹੈਂ, ਕਛੂ ਨਹੀਂ ਪਰਚਨਿਯਾਂ ॥**

ਸੰਤਾਂ ਵਿਚੋਂ ਰਵਿਦਾਸ ਜੀ ਬੜੇ ਮਹਾਨ ਸੰਤ ਹਨ ਇਸ ਕਰਕੇ ਉਹਨਾਂ ਦੀ ਅਖੌਤੀ ਨੀਵੀਂ ਜਾਤੀ ਦੀ ਪ੍ਰਵਾਹ ਨਾ ਕਰਦਿਆਂ ਹਿੰਦੂ ਅਤੇ ਤੁਰਕ ਉਹਨਾਂ ਦੇ ਸੇਵਕ ਬਣੇ।

ਸੰਤ ਮੀਰਾਂ ਬਾਈ ਜੀ ਉਸਤਤ ਕਰਦੇ ਹਨ -

**ਮੀਰਾ ਸਤਿਗੁਰ ਦੇਵ ਕੀ ਕਰੇ ਬੰਦਨਾ ਆਸ ॥**
**ਜਿਨੁ ਚੇਤਨ, ਆਤਮ ਕੀਉ ਧੰਨ ਭਗਵਾਨ ਰਵਿਦਾਸ ॥**

ਇਸ ਲੇਖ ਰਾਹੀਂ ਸੰਤ ਨਰਸਿੰਘ ਮਹਿਤਾ ਜੀ ਦੀ ਸਾਖੀ ਦਾ ਵਰਨਣ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਸਰਲ ਭਾਸ਼ਾ ਵਿਚ 'ਨਰਸੀ ਮਹਿਤਾ' ਕਹਿ ਕੇ ਵੀ ਸੰਬੋਧਨ ਕੀਤਾ ਜਾਂਦਾ ਹੈ। ਗੁਜਰਾਤ ਰਾਜ ਦੇ ਜ਼ਿਲ੍ਹਾ ਜੂਨਾਗੜ੍ਹ ਦੇ ਪਿੰਡ ਤਲਾਜ਼ਾ ਵਿਚ ਸੰਤ ਨਰਸਿੰਘ ਮਹਿਤਾ ਜੀ ਦਾ ਜਨਮ ਸੰਮਤ 1470 ਬਿਕ੍ਰਮੀ ਨੂੰ ਪਿਤਾ ਸ੍ਰੀ ਕ੍ਰਿਸ਼ਣਦਮੋਦਰ ਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਲਕਸ਼ਮੀ ਗੌਰੀ ਜੀ ਦੀ ਪਵਿੱਤਰ ਕੁੱਖੋਂ ਬ੍ਰਾਹਮਣ ਸਮਾਜ ਵਿਚ ਹੋਇਆ ਜਿਸ ਦਾ ਕੁਝ ਪੁਸਤਕਾਂ ਵਿਚ ਵੀ ਵਰਨਣ ਮਿਲਦਾ ਹੈ।

ਆਪ ਜੀ ਦੇ ਇਕ ਹੋਰ ਵੱਡੇ ਭਾਈ ਸਨ ਜਿਨ੍ਹਾਂ ਦਾ ਨਾਂਅ ਵੰਸੀਧਰ ਸੀ ਜੋ ਉਸ ਸਮੇਂ ਫੌਜ ਦੇ ਉੱਚ ਅਧਿਕਾਰੀ ਸਨ। ਬਚਪਨ ਵਿਚ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਸੀ ਅਤੇ ਦਾਦਾ ਜੀ ਦਾ ਵੀ ਦਿਹਾਂਤ ਹੋ ਚੁੱਕਾ ਸੀ। ਆਪ ਜੀ ਦੀ ਉਮਰ ਕਰੀਬ 5 ਸਾਲ ਅਤੇ ਵੱਡੇ ਭਾਈ ਦੀ ਉਮਰ 22 ਸਾਲ ਸੀ। ਆਪ ਜੀ ਦਾ ਪਾਲਣ ਪੋਸ਼ਣ ਦਾਦੀ ਜੈਕੁੰਵਰੀ ਜੀ ਅਤੇ ਵੱਡੇ ਭਾਈ ਵੰਸ਼ੀਧਰ ਨੇ ਕੀਤਾ। ਨਰਸਿੰਘ ਰਾਮ ਬਚਪਨ ਤੋਂ ਹੀ ਗੂੰਗਾ ਅਤੇ ਬੋਲਾ ਸੀ। ਪਰਿਵਾਰ ਬਹੁਤ ਚਿੰਤੁਤ ਸੀ। ਸਾਰੇ ਵੈਦਾਂ ਪਾਸ ਇਲਾਜ ਕਰਵਾਇਆ, ਇਧਰ-ਉਧਰ ਦਿਖਾਇਆ ਠੀਕ ਨਾ ਹੋਇਆ ਆਖਿਰ ਕਿਸੇ ਦੇ ਕਹਿਣ 'ਤੇ ਸਰਸਈ (ਜੂਨਾਗੜ੍ਹ) ਦੇ ਅੰਮ੍ਰਿਤ ਕੁੰਡ 'ਤੇ ਪਹੁੰਚੇ। ਨਰਸਿੰਘ ਦੀ ਉਮਰ ਅੱਠ ਸਾਲ ਦੀ ਹੋ ਚੁੱਕੀ ਸੀ ਪਰ ਨਾ ਕੁਝ ਬੋਲਦਾ ਅਤੇ ਨਾ ਹੀ ਸੁਣਦਾ। ਜਦੋਂ ਮਾਤਾ ਜੈ ਕੁੰਵਰੀ ਆਪਣੀ ਇਕ ਹੋਰ ਗੁਆਂਢਣ ਨੂੰ ਨਾਲ ਲੈ ਕੇ ਨਰਸਿੰਘ ਦੇ ਨਾਲ ਜਾਂਦੀ ਹੈ ਤਾਂ ਕੀ ਦੇਖਦੀ ਹੈ ਕਿ ਤਪੱਸਵੀ ਅਤੇ ਤੇਜੱਸਵੀ ਸੰਤ, ਰੱਬੀ ਰੂਪ ਜੋ ਨਾਮ ਬਾਣੀ ਵਿਚ ਰੰਗੇ ਹੋਏ ਭਜਨ-ਬੰਦਗੀ ਕਰ ਰਹੇ ਹਨ। ਉਨ੍ਹਾਂ ਦਾ ਰੱਬੀ ਨੂਰ ਝੱਲਿਆ ਨਹੀਂ ਜਾ ਰਿਹਾ ਸੀ। ਮਾਤਾ ਨੇ

ਨਮਸਕਾਰ ਕੀਤੀ ਅਤੇ ਬੱਚੇ ਦਾ ਸਿਰ ਵੀ ਫੜ ਕੇ ਝੁਕਾਇਆ। ਮਹਾਰਾਜ ਸਤਿਗੁਰ ਰਵਿਦਾਸ ਜੀ ਦੀ ਅਚਾਨਕ ਸਮਾਧੀ ਖੁੱਲ੍ਹੀ ਤਾਂ ਮਾਤਾ ਜੈਕੁੰਵਰੀ ਨੇ ਫਰਿਆਦ ਕੀਤੀ ਕਿ ਗੁਰੂਦੇਵ ਮੇਰਾ ਇਹ ਪੋਤਰਾ ਬਚਪਨ ਤੋਂ ਗੁੰਗਾ ਅਤੇ ਬੋਲਾ ਹੈ ਅਸੀਂ ਸਾਰੇ ਪਾਸੇ ਦਿਖਾ ਚੁੱਕੇ ਹਾਂ ਪਰ ਕਿਸੇ ਵੈਦ, ਕਿਸੇ ਬ੍ਰਾਹਮਣ ਜਾਂ ਸੰਤ ਪਾਸੋਂ ਠੀਕ ਨਹੀਂ ਹੋਇਆ। ਆਪ ਜੀ ਦੀ ਮਹਿਮਾ ਸੁਣ ਕੇ ਆਈ ਹਾਂ ਆਪ ਕ੍ਰਿਪਾ ਕਰੋ। **ਗੁਰ ਕੀ ਲਖੋਂ ਦਿਆਲਤਾ, ਸਤਿਗੁਰ ਕੀਉ ਪਸਾਰ॥** ਅੰਮ੍ਰਿਤਬਾਣੀ ਦੇ ਪਾਵਨ ਵਾਕਾਂ ਅਨੁਸਾਰ ਸਤਿਗੁਰ ਦਿਆਲੂ, ਕ੍ਰਿਪਾਲੂ ਅਤੇ ਦਯਾ ਦੇ ਸਾਗਰ ਸਨ। ਉਨ੍ਹਾਂ ਦੀ ਦ੍ਰਿਸ਼ਟੀ ਇਸ ਬੱਚੇ 'ਤੇ ਪਈ। ਉਨ੍ਹਾਂ ਨੇ ਬੱਚੇ ਨੂੰ ਆਪਣੇ ਪਾਸ ਬਿਠਾਇਆ, ਉਸਦਾ ਮਸਤਿਕ ਦੇਖ ਕੇ ਆਪਣੀ ਸ਼ਕਤੀ ਨਾਲ ਦੱਸਿਆ ਕਿ ਇਹ ਬਾਲਕ ਇਕ ਦਿਨ ਪੂਰਨ ਸੰਤ ਹੋਵੇਗਾ ਅਤੇ ਬ੍ਰਹਮ ਗਿਆਨੀ ਮਹਾਂਪੁਰਸ਼ ਬਣੇਗਾ। ਸਤਿਗੁਰ ਰਵਿਦਾਸ ਜੀ ਨੇ 'ਹਰਿ' ਦਾ ਸਿਮਰਨ ਕਰਦੇ ਹੋਏ ਆਪਣਾ ਹੱਥ ਉਸ ਬਾਲਕ ਨਰਸਿੰਘ ਦੇ ਸਿਰ ਉੱਪਰ ਰੱਖਿਆ ਤਾਂ ਕਿਹਾ ਬੋਲੋ ਬੱਚੇ ਸਤਿਨਾਮ ਬਾਲਕ ਨੂੰ ਤੁਰੰਤ ਸੁਣਨ ਲੱਗ ਪਿਆ ਅਤੇ ਉਹ ਬੋਲਣ ਲੱਗ ਪਿਆ ਅਤੇ ਕਿਹਾ – 'ਸਤਿਨਾਮ'। ਹਾਜ਼ਰੀਨ ਸਾਰੀਆਂ ਸੰਗਤਾਂ ਹੈਰਾਨ ਹੋ ਗਈਆਂ। ਗੁਰੂ ਜੀ ਦੇ ਚਰਨੀਂ ਪੈ ਗਈਆਂ ਅਤੇ ਜੈ ਗੁਰੂਦੇਵ ਧੰਨ ਗੁਰੂਦੇਵ ਉਚਾਰਨ ਲੱਗੀਆਂ। ਸਤਿਗੁਰ ਜੀ ਨੇ ਕਿਹਾ ਇਸ ਬਾਲਕ ਨੂੰ ਮੰਦਾ ਚੰਗਾ ਨਹੀਂ ਬੋਲਣਾ ਇਹ ਸੰਤ ਮਾਲਾ ਦਾ ਮਣਕਾ ਹੈ। ਇਸ ਪ੍ਰਕਾਰ ਇਹ ਪਰਿਵਾਰ ਸਤਿਗੁਰ ਜੀ ਦਾ ਸੇਵਕ ਬਣ ਗਿਆ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਦਾ ਮੰਨੂੰਵਾਦੀ ਸਮਾਜ ਅਤੇ ਲੇਖਕ ਇਸ ਸਾਖੀ ਨੂੰ ਬ੍ਰਾਹਮਣੀ ਵਿਚਾਰਧਾਰਾ ਨਾਲ ਹੀ ਜੋੜ ਕੇ ਵਿਖਿਆਤ ਕਰ ਰਿਹਾ ਹੈ। ਮਹਾਰਾਜ ਜੀ ਨੇ ਇਸ ਨੂੰ ਠੀਕ ਹੀ ਨਹੀਂ ਕੀਤਾ ਸਗੋਂ ਆਪਣੀ ਦਿਬ-ਦ੍ਰਿਸ਼ਟੀ ਅਤੇ ਆਤਮਿਕ ਸ਼ਕਤੀ ਤੇ ਪ੍ਰਮਾਰਥੀ ਚੜ੍ਹਾਈ ਰਾਹੀਂ ਇਹ ਵੀ ਦੱਸ ਦਿੱਤਾ ਕਿ ਇਹ ਬਾਲਕ ਪੂਰਨ ਬ੍ਰਹਮਗਿਆਨੀ ਹੋਵੇਗਾ। ਜੋ ਬਾਅਦ ਵਿਚ ਸੱਚ ਹੋ ਨਿਬੜਿਆ।

ਮਾਤਾ ਜੈਕੁੰਵਰੀ ਸ਼ੁਕਰਾਨਾ ਕਰਦੀ ਹੋਈ ਬੋਲੀ ਮਹਾਰਾਜ ਜੀ ਮੇਰਾ ਪੋਤਰਾ ਫੌਜ ਦਾ ਉੱਚ ਅਧਿਕਾਰੀ ਹੈ ਅਤੇ ਸਾਡੀ 'ਨਾਗਰ' ਕੁੱਲ ਵਿਚ ਹੋਰ ਵੀ ਬਹੁਤ ਉੱਚੇ-ਉੱਚੇ ਅਧਿਕਾਰੀ ਹਨ ਆਪ ਕੋਈ ਸੇਵਾ ਦਾ ਮੌਕਾ ਦਿਓ ਅਤੇ ਇਹ ਵੀ ਹੁਕਮ ਕਰੋ ਕਿ ਤੁਹਾਨੂੰ ਕਿਸ ਵਸਤੂ ਦੀ ਲੋੜ ਹੈ। ਮਹਾਰਾਜ ਜੀ ਹੱਸ ਪਏ ਅਤੇ ਕਿਹਾ ਬੀਬੀ ਅਸੀਂ ਜੰਗਲਾਂ ਵਿਚ ਰਹਿਣ ਵਾਲੇ ਹਾਂ, ਅਸੀਂ ਵਸਤੂਆਂ ਕੀ ਕਰਨੀਆਂ ਹਨ ਸਾਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਸਤਿਗੁਰ ਜੀ ਨੇ ਤਾਂ ਪਾਰਸ ਦੀ ਪ੍ਰਵਾਹ ਨਾ ਕੀਤੀ ਉਹ ਹੋਰ ਕੀ ਮੰਗ ਸਕਦੇ ਸਨ। ਇਥੇ ਵਰਨਣਯੋਗ ਹੈ ਕਿ ਨਾਗਰ ਜਾਤੀ ਦੇ ਲੋਕਾਂ ਦਾ ਸਰਕਾਰੀ ਵਿਭਾਗਾਂ ਵਿਚ ਗੁਜਰਾਤ ਵਿਚ ਪੂਰਾ ਬੋਲਬਾਲਾ ਅਤੇ ਸੁਣਵਾਈ ਸੀ। ਇਹੋ ਹੀ ਕਾਰਣ ਸੀ ਕਿ ਭਗਤ ਨਰਸਿੰਘ ਦੇ ਵੱਡੇ ਭਾਈ ਵੰਸੀਧਰ ਦੀ ਨਿਯੁਕਤੀ ਵੀ ਨਾਗਰ ਜਾਤੀ ਕਰਕੇ ਹੋਈ ਹੋਵੇਗੀ। ਪੂਰੇ ਪਰਿਵਾਰ ਅਤੇ ਨਗਰ ਵਿਚ ਖੁਸ਼ੀ ਦੀ ਲਹਿਰ ਸੀ। ਕਟੜਪੰਥੀ ਲੋਕ ਇਸ ਨੂੰ ਕ੍ਰਿਸ਼ਨ ਲੀਲਾ ਜਾਂ ਰਾਮਲੀਲਾ ਦਾ ਹੀ ਰੂਪ ਦੇ ਰਹੇ ਸਨ। ਇਸ ਤੋਂ ਬਾਅਦ ਬਹੁਤ ਲੰਬੀ ਕਹਾਣੀ ਹੈ ਨਰਸਿੰਘ ਰਾਮ ਨੂੰ ਪੜ੍ਹਨ ਪਾਇਆ ਜਾਂਦਾ ਹੈ। ਵੈਰਾਗੀ ਮਨ ਪੜ੍ਹਾਈ ਵੱਲ ਨਹੀਂ ਲੱਗਦਾ, ਸ਼ਾਦੀ ਕੀਤੀ ਜਾਂਦੀ ਹੈ। ਲੜਕਾ ਲੜਕੀ ਪੈਦਾ ਹੁੰਦੇ ਹਨ। ਨਰਸਿੰਘ ਦੇ ਭਗਤੀ ਭਾਵ ਅਤੇ ਸੰਤ ਬਿਰਤੀ ਨੂੰ ਵੱਡੀ ਭਰਜਾਈ ਪਸੰਦ ਨਹੀਂ ਕਰਦੀ। ਭਰਾ ਨੂੰ ਵਰਗਲਾ ਕੇ ਭਰਾ ਦੇ ਵਿਰੁੱਧ ਕਰਦੀ ਹੈ। ਅੰਤ ਨੂੰ ਸੰਸਾਰਕ ਝਮੇਲਿਆਂ ਵਿਚੋਂ ਨਿਕਲ ਕੇ ਨਰਸਿੰਘ ਰਾਮ ਭਗਤੀ ਵਿਚ ਹੀ ਮਗਨ ਹੋ ਜਾਂਦਾ ਹੈ ਅਤੇ ਪੂਰਨ ਸੰਤ ਦਾ ਰੁਤਬਾ ਪਾਉਂਦਾ ਹੈ। ਸਤਿਗੁਰ ਰਵਿਦਾਸ ਜੀ ਦੀ ਕੀਤੀ ਹੋਈ ਭਵਿਖਬਾਣੀ ਮੁਤਾਬਿਕ ਨਰਸਿੰਘ ਤੋਂ ਪੂਰਨ ਸੰਤ ਨਰਸਿੰਘ ਰਾਮ ਮਹਿਤਾ ਬਣ ਕੇ ਸੰਤਾਂ ਵਾਲਾ ਜੀਵਨ ਬਤੀਤ ਕਰਦਾ ਹੈ। ਇਹ ਪੂਰਨ ਗੁਰੂ ਦੀ ਰਹਿਮਤ ਬਖਸ਼ਿਸ਼ ਦਾ ਫਲ ਹੈ।

# ਫਰੀਦਾ ਬਾਰਿ ਪਰਾਇਐ ਬੈਸਣਾ ...



ਰਛਪਾਲ ਸਿੰਘ ਬੱਧਣ (ਚੇਅਰਮੈਨ)
ਐਨ.ਬੀ. 180,
ਪ੍ਰੀਤ ਨਗਰ ਸੋਢਲ ਰੋਡ ਜਲੰਧਰ
94176-10120

ਇਕ ਵਾਰ ਪੁਰਾਣੇ ਜ਼ਮਾਨੇ ਵਿਚ ਬਾਜ਼ ਨੇ ਝਪਟਾ ਮਾਰ ਕੇ ਇਕ ਬਟੇਰਾ ਫੜ ਲਿਆ। ਜਦ ਬਾਜ਼ ਬਟੇਰੇ ਨੂੰ ਆਪਣੇ ਪੰਜਿਆਂ ਵਿਚ ਪਕੜੀ ਉੱਡ ਰਿਹਾ ਸੀ ਤਾਂ ਬਟੇਰੇ ਨੇ ਆਹ ਭਰੀ ਅਤੇ ਬਾਜ਼ ਨੂੰ ਕਿਹਾ 'ਮੈਂ ਕਿੰਨਾ ਮੰਦਭਾਗਾ ਹਾਂ ਮੈਂ ਘਰ ਤੋਂ ਬਾਹਰ ਗਿਆ। ਆਪਣੇ ਖੇਤਰ ਤੋਂ ਦੂਰ ਹੋਰਾਂ ਦੇ ਘਰ ਵਿਚ ਹੋਰ ਸਥਾਨ ਵਿਚ। ਜੇਕਰ ਮੈਂ ਆਪਣੇ ਘਰ ਤੋਂ ਬਾਹਰ ਨਾ ਆਉਂਦਾ ਅਤੇ ਘਰ ਵਿਚ ਹੀ ਰਹਿੰਦਾ ਜਿਹੜਾ ਮੇਰੇ ਪੂਰਵਜਾਂ ਤੋਂ ਚੱਲਦਾ ਆ ਰਿਹਾ ਹੈ ਮੇਰਾ ਅਸਲੀ ਘਰ ਹੈ ਤਾਂ ਤੂੰ ਮੈਨੂੰ ਕਦੇ ਪਕੜ ਨਾ ਸਕਦਾ।' ਬਾਜ਼ ਨੇ ਪੁੱਛਿਆ 'ਤੇਰਾ ਅਸਲੀ ਘਰ ਕਿਹੜਾ ਹੈ?' ਬਟੇਰੇ ਨੇ ਕਿਹਾ ਉਹ ਜਿਹੜਾ ਮਿੱਟੀ ਦਾ ਢੇਲਾ ਹੈ, ਉਹ ਮੇਰਾ ਅਸਲੀ ਟਿਕਾਣਾ ਹੈ। ਜਦ ਖੇਤ ਵਾਹਿਆ ਜਾਂਦਾ ਹੈ ਤਾਂ ਅਜਿਹੇ ਢੇਲਿਆਂ ਦੀਆਂ ਵੱਟਾਂ ਬਣ ਜਾਂਦੀਆਂ ਹਨ ਮੈਂ ਉਥੇ ਰਹਿੰਦਾ ਹਾਂ। ਇਸ ਉੱਤਰ 'ਤੇ ਬਾਜ਼ ਨੇ ਆਪਣੀ ਸ਼ਕਤੀ ਅਤੇ ਹਉਮੈ 'ਤੇ ਮਾਣ ਕਰਦੇ ਹੋਏ, ਪਰ ਫਿਰ ਵੀ ਇਸ ਬਾਰੇ ਕੁਝ ਨਾ ਕਹਿੰਦੇ ਹੋਏ ਕਿਹਾ ਜਾਹ ਬਟੇਰਿਆ ਉਥੇ ਚਲਾ ਜਾਹ ਜਿਹੜਾ ਤੇਰਾ ਘਰ ਹੈ ਪਰ ਯਾਦ ਰੱਖ ਮੈਂ ਉਥੇ ਵੀ ਤੈਨੂੰ ਇਸੇ ਤਰ੍ਹਾਂ ਪਕੜ ਸਕਦਾ ਹਾਂ। ਤੂੰ ਉਥੇ ਵੀ ਮੇਰੀ ਮਾਰ ਥੱਲੇ ਹੀ ਹੋਵੇਂਗਾ। ਬਟੇਰਾ ਆਪਣੇ ਜੱਦੀ ਪੁਸ਼ਤੀ ਸਥਾਨ 'ਤੇ ਪਹੁੰਚ ਗਿਆ ਜਿਥੇ ਕਿਸਾਨ ਨੇ ਹੱਲ ਨਾਲ ਖੇਤ ਨਵਾਂ-ਨਵਾਂ ਵਾਹਿਆ ਸੀ। ਉਥੇ ਮਿੱਟੀ ਦੇ ਵੱਡੇ-ਵੱਡੇ ਢੇਲੇ ਸਨ। ਉਥੇ ਪਹੁੰਚ ਕੇ ਬਟੇਰੇ ਨੇ ਬਾਜ ਨੂੰ ਕਿਹਾ ਲੈ ਹੁਣ ਮੈਨੂੰ ਪਕੜ ਕੇ ਵਿਖਾ। ਬਾਜ਼ ਨੇ ਹੈਂਕੜ ਵਿਚ ਪਰ ਫਿਰ ਵੀ ਆਪਣੀ ਤਾਕਤ ਬਾਰੇ ਕੁਝ ਨਾ ਕਹਿੰਦਿਆਂ ਹੋਇਆਂ ਝਪਟਾ ਮਾਰਿਆ ਪਰ ਇਹ ਵੇਖ ਕੇ ਕਿ ਬਾਜ ਉਸ 'ਤੇ ਝਪਟਾ ਮਾਰ ਰਿਹਾ ਹੈ ਉਹ ਝੱਟ ਵੱਡੇ ਸਾਰੇ ਢੇਲੇ ਹੇਠਾਂ ਲੁਕ ਗਿਆ। ਹੁਣ ਬਾਜ਼ ਦੀ ਚੁੰਝ ਸਖ਼ਤ ਮਿੱਟੀ ਨਾਲ ਟਕਰਾਈ ਅਤੇ ਲਹੂ-ਲੁਹਾਨ ਹੋ ਗਈ ਪਰ ਬਟੇਰਾ ਫਿਰ ਵੀ ਉਸ ਦੇ ਹੱਥ ਨਾ ਆ ਸਕਿਆ। ਸੋ, ਜਦ ਕੋਈ ਆਪਣਾ ਜੱਦੀ, ਸਹੀ ਥਾਂ, ਕੁਦਰਤੀ ਅਤੇ ਰਵਾਇਤੀ ਕਰਮ ਸਥਲ, ਘਰ ਜਾਂ ਪੱਕਾ ਟਿਕਾਣਾ ਛੱਡ ਦਿੰਦਾ ਹੈ ਅਤੇ ਦੂਜਿਆਂ ਦੇ ਖੇਮੇ ਵਿਚ ਚਲਾ ਜਾਂਦਾ ਹੈ ਤਾਂ ਇਹ ਇਕ ਤਰ੍ਹਾਂ ਨਾਲ ਉਸ ਦਾ ਆਪਣੇ ਆਪ ਵਿਨਾਸ਼ ਵੱਲ ਜਾਣਾ ਹੀ ਹੋਵੇਗਾ। ਬਾਜ਼ ਦੀ ਛੋਟੀ ਜਿਹੀ ਕਹਾਣੀ ਪੁਸਤਕ 'ਬੁੱਧ ਦ੍ਰਿਸ਼ਟੀ' ਵਿਚੋਂ ਪੜ੍ਹੀ ਹੈ। ਇਹ ਪੁਸਤਕ ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਦੇਵ ਚੌਹਾਨ ਵੱਲੋਂ ਲਿਖੀ ਗਈ ਹੈ। ਇਸ ਪੁਸਤਕ ਵਿਚ ਬਹੁਤ ਗੂੜ-ਗਿਆਨ ਦੀਆਂ ਗੱਲਾਂ ਹਨ, ਪਰ ਇਹ ਸਿੱਧੀ-ਸਾਦੀ ਕਹਾਣੀ ਮੇਰੇ ਮਨ ਨੂੰ ਟੁੰਬ ਗਈ।

ਸਤਿਗੁਰ ਫਰੀਦ ਜੀ ਵੀ ਲਿਖਦੇ ਹਨ -

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥**

**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥(ਅੰਗ - 1380)**

ਧਰਮ ਪਰਿਵਰਤਨ ਦੀ ਲਹਿਰ ਸਦੀਆਂ ਤੋਂ ਚੱਲ ਰਹੀ ਹੈ। ਇਹ ਅੱਜ ਵੀ ਬੜੇ ਭਿਆਨਕ ਰੂਪ ਵਿਚ ਜਾਰੀ ਹੈ। ਗਰੀਬ-ਗੁਰਬੇ ਨੂੰ ਦਬਾਇਆ ਜਾ ਰਿਹਾ ਹੈ। ਪਰ ਸਾਡਾ ਸਮਾਜ ਆਪਣੇ ਆਪ ਹੀ ਬਿਖਰ ਰਿਹਾ ਹੈ। ਪਰਿਵਾਰਾਂ ਦੇ ਪਰਿਵਾਰ ਆਪਣੇ ਅਸਲੇ ਨੂੰ ਛੱਡ ਕੇ ਭਟਕ ਰਹੇ ਹਨ। ਕਈ ਪਰਿਵਾਰਾਂ

ਦੇ ਮੈਂਬਰ ਵੱਖਰੇ-ਵੱਖਰੇ ਰਸਤੇ 'ਤੇ ਤੁਰੇ ਹੋਏ ਹਨ। ਮੈਂ ਇਕ ਅਜਿਹੇ ਪਰਿਵਾਰ ਨੂੰ ਜਾਣਦਾ ਹਾਂ ਜਿਹੜਾ ਅੱਜ ਤੋਂ 50 ਕੁ ਸਾਲ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਦਾ ਅਨਿਨ ਭਗਤ ਸੀ। ਉਸ ਪਰਿਵਾਰ ਦਾ ਉਸ ਸਮੇਂ ਦਾ ਮੁਖੀਆ ਇਕ ਪ੍ਰਸਿੱਧ ਗੁਰੂ ਰਵਿਦਾਸ ਜੀ ਦੇ ਧਾਰਮਿਕ ਸਥਾਨ ਦਾ ਅਨਿਨ ਸ਼ਰਧਾਲੂ ਸੀ। ਉਸ ਸਮੇਂ ਉਸ ਘਰ ਦੇ ਮੁਖੀਏ ਦੀ ਘਰਵਾਲੀ ਬਿਮਾਰ ਰਹਿੰਦੀ ਸੀ। ਸੰਤਾਂ ਦੀ ਦਵਾਈ ਤੇ ਦੁਆ ਨਾਲ ਉਹ ਰਾਜ਼ੀ ਹੋ ਗਈ ਅਤੇ ਉਸ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ। ਸਾਲ ਵਿਚ ਇਕ-ਦੋ ਵਾਰ ਸੰਤ ਸਾਹਿਬਾਨ ਉਨ੍ਹਾਂ ਦੇ ਘਰ ਚੱਕਰ ਲਾਉਂਦੇ ਅਤੇ ਅਸ਼ੀਰਵਾਦ ਦੇ ਕੇ ਜਾਂਦੇ। ਸਮਾਂ ਬਦਲ ਗਿਆ, ਘਰ ਦਾ ਮੁਖੀਆ ਰੱਬ ਨੂੰ ਪਿਆਰਾ ਹੋ ਗਿਆ। ਬੱਚੇ ਜਵਾਨ ਹੋ ਗਏ। ਸਾਰੇ ਵਿਆਹੇ ਗਏ। ਸਾਰਿਆਂ ਦੇ ਆਪੋ ਆਪਣੇ ਰਾਹ ਬਣ ਗਏ। ਚਾਰੇ ਪੁੱਤਰਾਂ 'ਚੋਂ ਸਿਰਫ਼ ਇਕ ਹੀ ਆਪਣੇ ਧਰਮ ਨਾਲ ਸਬੰਧਿਤ ਰਿਹਾ ਬਾਕੀ ਤਿੰਨਾਂ ਨੇ ਆਪੋ-ਆਪਣੇ ਅਕੀਦੇ ਬਦਲ ਲਏ। ਸ਼ਿਰਾਜਾ ਬਿਖਰ ਗਿਆ। ਘਰ ਵਿਚ ਵੱਖੋ-ਵੱਖਰੇ ਧਾਰਮਿਕ ਸਮਾਗਮ ਹੋਣ ਲੱਗੇ। ਕਈਆਂ ਦੀਆਂ ਰਸਮਾਂ ਵੀ ਬਦਲ ਗਈਆਂ ਅਤੇ ਤਿਉਹਾਰ ਵੀ ਬਦਲ ਗਏ। ਇਕ ਵਾਰ ਬਨਾਰਸ ਤੋਂ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾ ਕੇ ਗੱਡੀ ਰਾਹੀਂ ਆ ਰਿਹਾ ਸੀ ਕਿ ਉਸ ਗੱਡੀ ਵਿਚ ਐਨ.ਆਰ.ਆਈ. ਵੀ ਆਏ ਸਨ। ਕਈਆਂ ਨਾਲ ਵਿਚਾਰ ਵਟਾਂਦਰਾ ਹੋਇਆ। ਇਕ ਐਨ.ਆਰ.ਆਈ. ਨੇ ਦੱਸਿਆ ਕਿ ਉਹ ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਆਉਂਦੇ ਹਨ। ਚਾਰ ਦਿਨ ਸ੍ਰੀ ਗੁਰੂ ਰਵਿਦਾਸ ਜੀ ਦੇ ਡੇਰੇ ਵਿਚ ਰਹਿੰਦੇ ਹਨ ਅਤੇ ਬਾਕੀ ਦੇ ਦਿਨ ਕਿਸੇ ਹੋਰ ਧਾਰਮਿਕ ਅਸਥਾਨ 'ਤੇ ਰਹਿੰਦੇ ਹਨ। ਉਨ੍ਹਾਂ ਨੇ ਉਥੋਂ ਦੀ ਰਹਿਣੀ-ਬਹਿਣੀ, ਉਥੋਂ ਦੇ ਪ੍ਰਬੰਧ ਦੀ ਬਹੁਤ ਤਾਰੀਫ਼ ਕੀਤੀ। ਇਸ ਤਰ੍ਹਾਂ ਸਮੁੱਚੇ ਪੰਜਾਬ ਵੱਲ ਨਜ਼ਰ ਮਾਰੀਏ ਤਾਂ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਵਖਰੇਵੇਂ ਵੱਲ ਵੱਧ ਰਹੀ ਹੈ। ਇਸ ਘਾਟ ਵੱਲ ਸਾਡੇ ਮਹਾਂਪੁਰਸ਼ਾਂ, ਸ੍ਰੀ ਗੁਰੂ ਰਵਿਦਾਸ ਧਾਰਮਿਕ ਅਸਥਾਨਾਂ ਦੇ ਪ੍ਰਬੰਧਕਾਂ ਅਤੇ ਸਭਾ ਸੁਸਾਇਟੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਸਮੁੱਚੀ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਨੂੰ ਇਸ ਪਾਸੇ ਧਿਆਨ ਦੇਣ ਦੀ ਜ਼ਰੂਰਤ ਹੈ। ਸਭ ਗੁਰੂ ਰਵਿਦਾਸ ਡੇਰਿਆਂ ਨੂੰ ਇਕੱਠੇ ਹੋ ਕੇ ਸਮੁੱਚੀ ਕੌਮ ਦੀ ਬਿਹਤਰੀ ਲਈ ਸੋਚ ਵਿਚਾਰ ਕਰਨ ਦੀ ਜ਼ਰੂਰਤ ਹੈ।

# ਸੰਘਰਸ਼ਹੀਣ ਹੁੰਦੈ ਜਾ ਰਿਹੈ ਦਲਿਤ ਸਮਾਜ



ਚਰਨਜੀਤ ਸਿੰਘ ਬਿਨਪਾਲਕੇ
98148-39944

ਭਾਰਤ ਵਿਚ ਆਰੀਆ ਦੇ ਆਉਣ ਤੋਂ ਬਾਅਦ ਦਲਿਤ ਸਮਾਜ ਖਿੰਡ-ਪੁੰਡ ਅਤੇ ਸੰਘਰਸ਼ਹੀਣ ਹੁੰਦਾ ਜਾ ਰਿਹਾ ਹੈ। ਅੱਜ ਇੱਕੀਵੀਂ ਸਦੀ ਦੇ ਵਿਗਿਆਨਿਕ ਯੁੱਗ ਅਤੇ ਗਿਆਨ ਪ੍ਰਾਪਤੀ ਦੇ ਭਰਪੂਰ ਮੌਕਿਆਂ ਦੇ ਹੁੰਦੇ ਹੋਏ ਵੀ ਇਸ ਸਮਾਜ ਨੂੰ ਖਾਸ ਕਰਕੇ ਪੰਜਾਬ ਦੇ ਦਲਿਤਾਂ ਨੂੰ ਸੰਘਰਸ਼ ਕਰਨ ਦਾ ਖਿਆਲ ਨਹੀਂ ਆ ਰਿਹਾ। ਅੱਜ ਤੱਕ ਜਿੰਨੇ ਕੁ ਹੱਕ ਦਲਿਤ ਸਮਾਜ ਨੂੰ ਮਿਲੇ ਹਨ ਉਹ ਇਸ ਦੇ ਸੰਘਰਸ਼ ਦੀ ਬਦੌਲਤ ਨਹੀਂ ਮਿਲੇ ਅਤੇ ਨਾ ਹੀ ਉੱਚ ਵਰਗ ਨੇ ਇਸ ਨੂੰ ਥਾਲੀ ਵਿਚ ਪਰੋਸ ਕੇ ਦਿੱਤੇ ਹਨ ਉਹ

ਸਿਰਫ਼ ਦਲਿਤ ਰਹਿਬਰਾਂ ਅਤੇ ਆਗੂਆਂ ਦੀ ਲਿਆਕਤ ਦੀ ਵਜ੍ਹਾ ਨਾਲ ਮਜਬੂਰੀ ਵਸ ਦਿੱਤੇ ਗਏ ਹਨ। ਕਿਉਂਕਿ ਆਰੀਆ ਦੇ ਤੁਰਕਾਂ, ਲੋਧੀਆਂ, ਮੁਗਲਾਂ ਹੱਥੋਂ ਗੁਲਾਮ ਹੋਣ ਉਪਰੰਤ ਦਲਿਤ ਸਮਾਜ ਨੂੰ ਦੋਹਰੀ ਗੁਲਾਮੀ ਝੱਲਣੀ ਪਈ। ਸਿੱਟੇ ਵਜੋਂ ਇੱਕ ਨਵੀਂ ਨਰੋਈ, ਇਨਕਲਾਬੀ ਅਤੇ ਕ੍ਰਾਂਤੀਕਾਰੀ ਵਿਸ਼ਵ ਵਿਆਪੀ ਵਿਚਾਰਧਾਰਾ ਦਾ ਆਗਮਨ ਹੋਇਆ ਜਿਸ ਦੇ ਜਨਮਦਾਤਾ ਭਗਵਾਨ ਵਾਲਮੀਕ ਜੀ, ਗੁਰੂ ਰਵਿਦਾਸ ਜੀ, ਗੁਰੂ ਨਾਮਦੇਵ ਜੀ, ਗੁਰੂ ਕਬੀਰ ਜੀ ਹਨ। ਇਸੇ ਵਜ੍ਹਾ ਕਰਕੇ ਆਰੀਅਨਾਂ ਨੂੰ ਦਲਿਤ ਸਮਾਜ ਨੂੰ ਮਾਣ ਸਨਮਾਨ ਦੇਣਾ ਪਿਆ। ਕਿਉਂਕਿ ਹਿੰਦੂਆਂ ਨੂੰ ਜਦੋਂ ਰਮਾਇਣ ਦੀ ਲੋੜ ਸੀ ਜਾਂ ਪਾਡਵਾਂ ਨੂੰ ਆਪਣਾ ਯੱਗ ਸੰਪੂਰਨ ਕਰਾਉਣਾ ਸੀ ਉਸ ਵੇਲੇ ਭਗਵਾਨ ਵਾਲਮੀਕਿ ਜੀ ਦੀ ਸ਼ਰਨ ਵਿਚ ਜਾਣਾ ਪਿਆ। **"ਅਬ ਬਿਪਰ ਪ੍ਰਧਾਨ ਤਿਹਿ ਕਰਹਿ ਡੰਡਉਤਿ"** ਅਨੁਸਾਰ ਵੇਦਾਂ ਸ਼ਾਸ਼ਤਰਾਂ ਵਿਚ ਪ੍ਰਬੀਨ ਪੰਡਤਾਂ ਦੇ ਪ੍ਰਧਾਨਾਂ ਭਾਵ ਆਗੂਆਂ ਨੂੰ ਜਦ ਬ੍ਰਹਮ ਦੇ ਗਿਆਨ ਦੀ ਲੋੜ ਸੀ ਤਾਂ ਉਨ੍ਹਾਂ ਨੂੰ ਗੁਰੂ ਰਵਿਦਾਸ ਜੀ ਅੱਗੇ ਡੰਡੇ ਵਾਂਗ ਲੰਮੇ ਪੈ ਕੇ ਚਰਨ ਬੰਦਨਾ ਕਰਨੀ ਪਈ ਅਤੇ ਜਦੋਂ ਭਾਰਤ ਆਜ਼ਾਦ ਹੋਇਆ ਤੇ ਸੰਵਿਧਾਨ ਦੀ ਜ਼ਰੂਰਤ ਪਈ ਤਾਂ ਅਖੌਤੀ ਉੱਚ ਜਾਤੀਆਂ ਨੂੰ ਡਾ. ਅੰਬੇਡਕਰ ਅੱਗੇ ਹੱਥ ਅੱਡਣੇ ਪਏ। ਉਪਰੋਕਤ ਰਹਿਬਰਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਆਪਣੀ ਵਿਦਵਤਾ ਅਤੇ ਗਿਆਨ ਦੇ ਬਲਬੂਤੇ ਸੰਘਰਸ਼ ਲੜਿਆ ਅਤੇ ਇਹ ਹੱਕ ਹਕੂਕ ਲੈ ਕੇ ਦਿੱਤੇ। ਬਾਬਾ ਸਾਹਿਬ ਨੇ ਦਲਿਤ ਲੋਕਾਂ ਨੂੰ ਸੰਬੋਧਨ ਹੁੰਦੇ ਕਿਹਾ – **ਰੋਟੀ, ਕੱਪੜਾ, ਮਕਾਨ ਤੋਂ ਵੀ ਵੱਧ ਜ਼ਰੂਰੀ ਹੈ ਮਾਣ ਸਨਮਾਨ ਜਿਹੜਾ ਕਿਸੇ ਬਾਜ਼ਾਰ ਵਿਚੋਂ ਮੁੱਲ ਨਹੀਂ ਖਰੀਦਿਆ ਜਾ ਸਕਦਾ। ਉਸ ਨੂੰ ਤਾਂ ਸਿਰਫ਼ ਸੰਘਰਸ਼ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।**

ਬਾਬਾ ਸਾਹਿਬ ਨੇ ਆਪਣੇ ਅੰਤਿਮ ਸੰਦੇਸ਼ਾਂ ਵਿਚ ਕਿਹਾ **"ਮੈਂ ਤੁਹਾਡੇ ਲਈ ਜੋ ਕੁਝ ਵੀ ਕੀਤਾ ਹੈ ਉਹ ਬੇਹੱਦ ਮੁਸੀਬਤਾਂ ਤੇ ਦੁੱਖਾਂ ਦਾ ਸਾਹਮਣਾ ਕਰਕੇ ਕੀਤਾ ਹੈ। ਜੇਕਰ ਤੁਸੀਂ ਇਸ ਨੂੰ ਅੱਗੇ ਨਾ ਵਧਾ ਸਕੇ ਤਾਂ ਇਸ ਨੂੰ ਇਥੇ ਹੀ ਛੱਡ ਦੇਣਾ ਪਰ ਕਿਸੇ ਹਾਲਤ ਵਿਚ ਵੀ ਪਿੱਛੇ ਨਾ ਜਾਣ ਦੇਣਾ।"** ਕੀ ਅਸੀਂ ਅਜਿਹਾ ਕੀਤਾ? ਰਿਜ਼ਰਵਰੇਸ਼ਨ ਦਾ ਖਾਤਮਾ ਹੋਣ ਜਾ ਰਿਹਾ ਹੈ। ਹੋਰ ਅਨੇਕਾਂ ਸਹੂਲਤਾਂ ਸਾਡੇ ਤੋਂ ਖੋਹੀਆਂ ਜਾ ਰਹੀਆਂ ਹਨ। ਦੁਨੀਆ ਬਦਲ ਚੁੱਕੀ ਹੈ ਪਰ ਦਲਿਤਾਂ ਨੂੰ ਅਜੇ ਤੱਕ ਬਰਾਬਰਤਾ ਦਾ ਮਾਣ-ਸਨਮਾਨ ਵਾਲਾ ਜੀਵਨ ਨਸੀਬ ਨਹੀਂ ਹੋਇਆ। ਦਲਿਤ ਸਮਾਜ ਦੇ ਗੁਰੂਆਂ, ਰਹਿਬਰਾਂ, ਬੁੱਧੀਜੀਵੀਆਂ, ਵਿਦਵਾਨਾਂ, ਰਾਜਨੇਤਾਵਾਂ ਨਾਲ ਜਾਤੀ ਵਿਤਕਰਾ ਹੋ ਰਿਹਾ ਹੈ। ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦਲਿਤਾਂ ਨਾਲ ਜਾਤੀ ਭੇਦਭਾਵ ਕਰ ਰਿਹਾ ਹੈ। ਦਲਿਤ ਸਮਾਜ ਦੇ ਵਿਚਾਰਾਂ, ਪ੍ਰਾਪਤੀਆਂ, ਖ਼ਬਰਾਂ ਤੇ ਇਸ ਸਮਾਜ ਨਾਲ ਹੋ ਰਹੇ ਜਾਤੀ ਭੇਦਭਾਵ ਨੂੰ ਦੁਨੀਆ ਸਾਹਮਣੇ ਰੱਖਣ ਤੋਂ ਜਾਣ ਬੁੱਝ ਕੇ ਰੋਕਿਆ ਜਾ ਰਿਹਾ ਹੈ। ਦਲਿਤ ਸਮਾਜ ਦਾ ਦੁੱਖਦਾਇਕ ਪਹਿਲੂ ਇਹ ਵੀ ਹੈ ਕਿ ਇਹ ਸਮਾਜ ਅੱਜ ਤੱਕ ਵੀ ਆਪਣਾ ਕੋਈ ਕਾਮਯਾਬ ਟੀ.ਵੀ. ਚੈਨਲ, ਰੋਜ਼ਾਨਾ ਅਖ਼ਬਾਰ ਚਾਲੂ ਨਹੀਂ ਕਰ ਸਕਿਆ ਤੇ ਨਾ ਹੀ ਆਪਣੀ ਕਿਸੇ ਰਾਜਨੀਤਕ ਪਾਰਟੀ ਨੂੰ ਮਜ਼ਬੂਤ ਕਰ ਸਕਿਆ ਹੈ। ਇਸ ਦੇ ਕੁਝ ਪ੍ਰਮੁੱਖ ਕਾਰਨਾਂ ਨੂੰ ਸੰਖੇਪ ਵਿਚ ਵਿਚਾਰਦੇ ਹਾਂ –

ਦਲਿਤ ਸਮਾਜ ਧਰਮ ਦੇ ਆਧਾਰ 'ਤੇ ਇਕ ਝੰਡੇ ਹੇਠ ਇਕੱਠਾ ਨਹੀਂ ਹੋ ਸਕਿਆ। ਧਰਮ ਸੰਗਠਿਤ ਹੋਣ ਦਾ ਬਹੁਤ ਵੱਡਾ ਜ਼ਰੀਆ ਹੈ। ਬੇਸ਼ੱਕ ਕੁਝ ਧਰਮ ਸਾਂਝੀਵਾਲਤਾ ਦੀ ਗੱਲ ਤਾਂ ਕਰਦੇ ਹਨ ਪਰ ਉਸ ਦੇ ਅਨੁਯਾਈ ਉਸ ਨੂੰ ਅਮਲ ਵਿਚ ਲਿਆਉਣਾ ਨਹੀਂ ਚਾਹੁੰਦੇ। ਕਿਉਂਕਿ ਇਸ ਨਾਲ ਉਹਨਾਂ ਦੇ

ਉੱਚਾਪਨ ਅਤੇ ਉਹਨਾਂ ਦੀ ਪ੍ਰਭੂਸੱਤਾ ਨੂੰ ਠੇਸ ਪਹੁੰਚਦੀ ਹੈ। ਇਸ ਕਰਕੇ ਜੇਕਰ ਧਰਮ ਆਧਾਰਿਤ ਇਕੱਠੇ ਹੋਣਾ ਹੈ ਤਾਂ ਦਲਿਤ ਆਪਣੇ ਵੱਖਰੇ ਧਰਮ ਹੇਠ ਹੀ ਇਕੱਠੇ ਹੋ ਸਕਦੇ ਹਨ ਪਰ ਅਸੀਂ ਜਿਹੋ ਜਿਹੇ ਹਾਲਤਾਂ ਵਿਚ ਰਹਿੰਦੇ ਹਾਂ ਜੀਵਨ ਭਰ ਉਸ ਵਿਚੋਂ ਨਿਕਲਣ ਦਾ ਯਤਨ ਨਹੀਂ ਕਰਦੇ। ਇਸ ਕਰਕੇ ਆਪਣੇ ਮਾੜੇ ਸਮਾਜਿਕ ਹਾਲਤਾਂ ਨੂੰ ਅਨੁਭਵ ਕਰਕੇ ਆਪਣੇ ਆਪ ਨੂੰ ਪਰਿਵਰਤਿਤ ਕਰਨ ਦੀ ਲੋੜ ਹੈ। ਬਾਬਾ ਸਾਹਿਬ ਨੇ ਕਿਹਾ ਕਿ 100 ਦਿਨ ਭੇਡਾਂ ਵਾਂਗ ਜਿਊਣ ਨਾਲੋਂ 4 ਦਿਨ ਸ਼ੇਰਾਂ ਵਾਂਗ ਜਿਊਣਾ ਬਿਹਤਰ ਹੈ। ਸਾਡੀ ਏਨੀ ਜ਼ਿਆਦਾ ਗਿਣਤੀ ਹੋਣ ਦੇ ਬਾਵਜੂਦ ਦੁਨੀਆ ਤਾਂ ਕੀ ਭਾਰਤ ਦੇ ਨਕਸ਼ੇ 'ਤੇ ਸਾਡਾ ਨਾਮੋ-ਨਿਸ਼ਾਨ ਵੀ ਨਹੀਂ। ਸਾਡੇ ਇਨ੍ਹਾਂ ਹਾਲਤਾਂ ਦਾ ਪ੍ਰਮੁੱਖ ਕਾਰਨ ਇਹ ਵੀ ਹੈ ਕਿ ਅਸੀਂ ਆਪਣੇ ਸਮਾਜ ਦੇ ਰਹਿਬਰਾਂ ਦਾ ਮਾਣ-ਸਨਮਾਨ ਨਹੀਂ ਕਰਦੇ ਜਾਂ ਇੰਝ ਕਹੋ ਕਿ ਸਾਡੇ ਸਮਾਜ ਦਾ ਵੱਡਾ ਹਿੱਸਾ ਅਹਿਸਾਨ ਫਰਾਮੋਸ਼ ਹੈ। ਉਦਾਹਰਨ ਦੇ ਤੌਰ 'ਤੇ ਜਿਨ੍ਹਾਂ ਗੁਰੂਆਂ, ਰਹਿਬਰਾਂ, ਆਗੂਆਂ ਨੇ ਸਾਡੇ ਸਮਾਜ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਿਆ ਹੈ ਉਹਨਾਂ ਦਾ ਨਾਂਅ ਅਤੇ ਤਸਵੀਰਾਂ ਸਾਡੇ ਘਰਾਂ 'ਚੋਂ ਗਾਇਬ ਹਨ। ਅਸੀਂ ਆਪਣੇ ਬੱਚਿਆਂ ਸਾਹਮਣੇ ਉਨ੍ਹਾਂ ਦਾ ਨਾਂਅ ਤੱਕ ਨਹੀਂ ਲੈਂਦੇ। ਅਸੀਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿਚ ਅਪਣਾਉਂਦੇ ਨਹੀਂ। ਉਨ੍ਹਾਂ ਰਹਿਬਰਾਂ ਦੇ ਨਾਂਅ 'ਤੇ ਹੋਣ ਵਾਲੇ ਸਮਾਗਮਾਂ 'ਤੇ ਆਪਣੇ ਕੰਮਾਕਾਰਾਂ ਤੋਂ ਛੁੱਟੀਆਂ ਲੈ ਕੇ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਹਾਜ਼ਰੀਆਂ ਨਹੀਂ ਭਰਦੇ। ਅੱਜ ਵੀ ਸਾਡੇ ਲਈ ਜੇਕਰ ਕੋਈ ਵਿਰਲਾ-ਵਾਂਝਾ ਸੰਘਰਸ਼ ਕਰਦਾ ਹੈ ਤਾਂ ਅਸੀਂ ਉਸ ਦੇ ਨਾਲ ਨਹੀਂ ਤੁਰਦੇ। ਬਹੁਤ ਸਾਰੇ ਲੋਕ ਸਾਡੇ ਲਈ ਸੰਘਰਸ਼ ਕਰਕੇ ਆਪਣਾ ਜੀਵਨ ਬਰਬਾਦ ਕਰੀ ਬੈਠੇ ਹਨ ਪਰ ਕਿਸੇ ਨੇ ਵੀ ਉਨ੍ਹਾਂ ਦੀ ਸਾਰ ਨਹੀਂ ਲਈ। ਉਹਨਾਂ ਦੇ ਬੀਵੀ ਬੱਚਿਆਂ ਦਾ ਖਿਆਲ ਨਹੀਂ ਕੀਤਾ। ਫਿਰ ਅਜਿਹੇ ਲੋਕਾਂ ਲਈ ਸੰਘਰਸ਼ ਕਰਨ ਵਾਸਤੇ ਕੌਣ ਅੱਗੇ ਆਵੇਗਾ। ਇਹੀ ਕਾਰਨ ਹੈ ਕਿ ਸਾਡੇ ਲਈ ਆਪਾ ਵਾਰਨ ਵਾਲੇ, ਕੁਰਬਾਨੀ ਦੇਣ ਵਾਲੇ ਆਗੂਆਂ ਦੀ ਬਹੁਤ ਘਾਟ ਹੈ। ਪੰਜਾਬ ਦੇ ਦਲਿਤ ਲੋਕ ਸੂਰਬੀਰ, ਯੋਧੇ, ਲੜਾਕੇ ਸਨ, ਉਨ੍ਹਾਂ ਨੇ ਪੂਰੇ ਭਾਰਤ ਦੇ ਦਲਿਤਾਂ ਲਈ ਕ੍ਰਾਂਤੀ ਮਚਾਉਣੀ ਸੀ ਪ੍ਰੰਤੂ ਪੰਜਾਬ ਵਿਚ ਧਾਰਮਿਕ ਡੇਰਿਆਂ ਜਿਨ੍ਹਾਂ ਵਿਚ ਅਧਿਆਤਮਕਤਾ, ਪ੍ਰਭੂ ਭਗਤੀ ਦਾ ਮਾਰਗ ਦਰਸਾਇਆ ਜਾਂਦਾ ਹੈ, ਦੀ ਬਹੁਤਾਤ ਹੈ। ਬ੍ਰਾਹਮਣਵਾਦੀ ਪ੍ਰਣਾਲੀ ਦੀ ਚੁੰਗਲ 'ਚੋਂ ਨਿਕਲਣ, ਬਰਾਬਰਤਾ ਤੇ ਮਾਣ-ਸਨਮਾਨ ਹਾਸਲ ਕਰਨ ਅਤੇ ਜਿਥੇ ਇਨ੍ਹਾਂ ਨੂੰ ਕੋਈ ਜਾਤੀ ਦਾ ਨਾਂਅ ਲੈ ਕੇ ਚਿੜਾਵੇ ਨਾ ਦੀ ਤਲਾਸ਼ ਵਿਚ ਪੰਜਾਬ ਦੇ 80% ਦਲਿਤਾਂ ਨੇ ਇਨ੍ਹਾਂ ਡੇਰਿਆਂ ਵੱਲ ਰੁਖ ਕਰ ਲਿਆ ਤੇ ਪ੍ਰਭ ਭਗਤੀ ਵਿਚ ਲੀਨ ਹੋ ਗਏ ਅਤੇ ਆਪਣੇ ਆਦਿਵਾਸੀ ਰਹਿਬਰਾਂ ਤੇ ਸਮਾਜ ਵੱਲੋਂ ਅਤੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਤੋਂ ਮੁਖ ਮੋੜ ਗਏ।

ਡਾ. ਅੰਬੇਡਕਰ ਦਾ ਕਥਨ ਹੈ , "ਦੁਨੀਆ ਦੇ ਦੂਜੇ ਦੇਸ਼ਾਂ ਵਿਚ ਸਮਾਜੀ ਇਨਕਲਾਬ ਆਏ। ਇਸ ਪ੍ਰਸ਼ਨ ਨੇ ਮੈਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਹੈ ਕਿ ਹਿੰਦੋਸਤਾਨ ਵਿਚ ਸਮਾਜੀ ਇਨਕਲਾਬ ਕਿਉਂ ਨਹੀਂ ਆਏ? ਕੇਵਲ ਇਕ ਹੀ ਉੱਤਰ ਜੋ ਮੈਂ ਦੇ ਸਕਦਾ ਹਾਂ ਉਹ ਇਹ ਹੈ ਕਿ ਚਤਰ ਵਰਣ ਦੇ ਇਸ ਮਨਹੂਸ ਸਿਸਟਮ ਕਾਰਨ ਹਿੰਦੂਆਂ ਦੀਆਂ ਹੇਠਲੀਆਂ ਸ਼੍ਰੇਣੀਆਂ ਹਿੰਸਕ ਕਾਰਵਾਈ ਦੇ ਮੁਕੰਮਲ ਅਯੋਗ ਬਣਾ ਦਿੱਤੀਆਂ ਗਈਆਂ। ਉਹ ਹਥਿਆਰ ਨਹੀਂ ਰੱਖ ਸਕਦੇ ਅਤੇ ਬਿਨਾਂ ਹਥਿਆਰਾਂ ਦੇ ਬਗਾਵਤ ਨਹੀਂ ਹੋ ਸਕਦੀ। ਉਹ ਸਾਰੇ ਹੀ ਹੱਲ ਚਲਾਉਣ ਵਾਲੇ ਜਾਂ ਇੰਝ ਕਹੋ ਕਿ ਹੱਲ ਚਲਾਉਣ ਵਾਲੇ ਬਣਨ ਲਈ ਬੇਬੱਸ ਲੋਕ ਸਨ ਜਿਨ੍ਹਾਂ ਨੂੰ ਆਪਣੇ ਹੱਲਾਂ ਦੇ ਫਾਲਿਆਂ ਨੂੰ ਤਲਵਾਰਾਂ ਵਿਚ ਬਦਲਣ ਦਾ ਸਮਾਂ ਨਹੀਂ ਦਿੱਤਾ ਗਿਆ।"

ਸਾਡੀ ਮਾਨਸਿਕ ਦਸ਼ਾ ਕੁਝ ਅਜਿਹੀ ਬਣ ਗਈ ਹੈ ਕਿ ਅਸੀਂ ਆਪਣੇ ਸਮਾਜ ਦੇ ਆਗੂ ਦੀ ਕਮਾਂਡ ਹੇਠ ਕੰਮ ਕਰਨ ਲਈ ਰਾਜ਼ੀ ਨਹੀਂ। ਦੂਸਰੇ ਕਿਸੇ ਉੱਚ ਜਾਤੀ ਮਨੁੱਖ ਦੀ ਕਮਾਂਡ ਹੇਠਾਂ ਕੰਮ ਕਰਕੇ ਸਾਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਜਿਸ ਦੇ ਫਲਸਰੂਪ ਦਲਿਤ ਸਮਾਜ ਲਈ ਕੰਮ ਕਰਨ ਵਾਲੇ ਸੰਗਠਨ ਕਾਮਯਾਬ ਨਹੀਂ ਹੋ ਸਕੇ। ਅੱਜ ਅਮੀਰ ਅਤੇ ਉੱਚ ਜਾਤੀ ਵਰਗ ਸਭ ਕੋਲ ਕੁਝ ਹੁੰਦਿਆਂ ਹੋਇਆਂ ਵੀ ਹੋਰ ਹੱਕ ਪ੍ਰਾਪਤ ਕਰਨ ਲਈ ਸੜਕਾਂ 'ਤੇ ਜਾਮ ਲਗਾ ਰਿਹਾ ਹੈ, ਰੇਲਾਂ ਰੋਕ ਰਿਹਾ ਹੈ, ਵਿਧਾਨ ਸਭਾਵਾਂ, ਸੰਸਦ ਦਾ ਘਿਰਾਓ ਕਰ ਰਿਹਾ ਹੈ ਪ੍ਰੰਤੂ ਏਨੀ ਜ਼ਿਆਦਾ ਗਿਣਤੀ ਵਾਲਾ ਦਲਿਤ ਸਮਾਜ ਜਿਸ ਕੋਲ ਨਾ ਮਾਣ-ਸਨਮਾਨ ਵਾਲਾ ਬਰਾਬਰਤਾ ਦਾ ਸਮਾਜਿਕ ਜੀਵਨ, ਨਾ ਰਹਿਣ ਲਈ ਵਧੀਆ ਥਾਂ ਮਕਾਨ, ਨਾ ਸਿੱਖਿਆ ਦੇ ਸਾਧਨ, ਨਾ ਰੋਜ਼ੀ ਰੋਟੀ ਤੇ ਰੁਜ਼ਗਾਰ ਉਹ ਬਿਲਕੁਲ ਹੱਥ 'ਤੇ ਹੱਥ ਧਰੀ ਬੈਠਾ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਡੁੱਬਣ ਵਾਸਤੇ ਖੂਹ-ਖਾਤੇ ਤਿਆਰ ਕਰ ਰਿਹਾ ਹੈ। ਲੋੜ ਹੈ ਆਪਣੀ ਅਣਖ ਅਤੇ ਗੈਰਤ ਨੂੰ ਜਗਾਉਣ ਦੀ, ਆਪਣੀ ਗੁਲਾਮੀ ਦੀ ਦਾਸਤਾਂ ਨੂੰ ਅਨੁਭਵ ਕਰਕੇ ਆਪਣੇ ਆਪ ਨੂੰ ਪਰਿਵਰਤਿਤ ਕਰਨ ਦੀ, ਆਪਣੇ ਗੁਰੂਆਂ ਰਹਿਬਰਾਂ ਨੂੰ ਮਾਣ-ਸਨਮਾਨ ਦੇਣ ਦੀ, ਆਪਣੇ ਸਮਾਜ ਵਿਚ ਆਪਾ ਵਾਰਨ ਵਾਲੇ, ਕੁਰਬਾਨੀ ਕਰਨ ਵਾਲੇ ਯੋਧੇ ਸੂਰਵੀਰ, ਬੁੱਧੀਜੀਵੀ, ਵਿਦਵਾਨ, ਰਾਜਨੇਤਾ ਤੇ ਧਾਰਮਿਕ ਆਗੂ ਪੈਦਾ ਕਰਨ ਦੀ। ਧਾਰਮਿਕ ਤੌਰ 'ਤੇ ਇਕ ਮੰਚ ਹੇਠ ਇਕੱਠੇ ਹੋਣ ਦੀ ਅਤੇ ਆਪਣੇ ਗੁਰੂ ਸਾਹਿਬਾਨਾਂ, ਆਪਣੇ ਰਹਿਬਰਾਂ ਦੀ ਦਿੱਤੀ ਹੋਈ ਵਿਚਾਰਧਾਰਾ 'ਤੇ ਚੱਲਣ ਤੇ ਭਾਰਤ ਵਿਚ ਦਲਿਤ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਦੀ। ਡਾ. ਅੰਬੇਡਕਰ ਜੀ ਨੇ ਕਿਹਾ ਹੈ – **"ਤੁਹਾਡਾ ਭਲਾ ਤੁਹਾਡੇ ਆਪਣੇ ਹੱਥਾਂ ਵਿਚ ਹੈ ਰਾਜਨੀਤਕ ਸ਼ਕਤੀ ਤੁਹਾਡੇ ਲਈ ਜੀਵਨ ਦਾਨ ਹੈ ਉਸ ਉੱਤੇ ਕਾਬਜ਼ ਹੋਵੋ ਤਾਂ ਹੀ ਤੁਹਾਡੇ ਦੁੱਖਾਂ ਦਾ ਅੰਤ ਹੋ ਸਕਦਾ ਹੈ।"**

# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ-4

**ਹਰਜਿੰਦਰ ਪਾਲ ਵੱਸਣ**
**ਪਿੰਡ ਗੇਹਲੜਾਂ, ਜ਼ਿਲ੍ਹਾ ਜਲੰਧਰ, 98725-88620**



**ਲੈਵੀ -** ਚਾਚੀ ਜੀ ਜੈ ਗੁਰੂਦੇਵ ! ਲੱਗਦਾ ਸੈਰ ਕਰਨ ਜਾ ਰਹੇ ਹੋ ?

**ਚਾਚੀ -** ਧੰਨ ਗੁਰੂਦੇਵ ! ਲੈਵੀ ਇਕ ਘੰਟਾ ਹੋਇਆ ਸੈਰ 'ਤੇ ਨਿਕਲੀ ਨੂੰ ਹੁਣ ਤਾਂ ਘਰ ਜਾ ਰਹੀ ਹਾਂ।

**ਲੈਵੀ -** ਚਾਚੀ ਮੈਂ ਤੁਹਾਡੇ ਨਾਲ ਦੋ-ਚਾਰ ਵਿਚਾਰ-ਵਟਾਂਦਰੇ ਕਰਨੇ ਸਨ।

**ਚਾਚੀ -** ਘਰ ਚੱਲ ਲੈਵੀ। ਨਾਲੇ ਅੱਜ ਛੁੱਟੀ ਵਾਲਾ ਦਿਨ ਹੈ। ਬੈਠ ਕੇ ਚਾਹ ਪਾਣੀ ਪੀਂਦੇ ਹਾਂ ਤੇ ਸਾਂਝੇ ਕਰ ਲੈਂਦੇ ਹਾਂ ਵਿਚਾਰ-ਵਟਾਂਦਰੇ।

**ਲੈਵੀ -** ਚਾਚੀ ! ਪਹਿਲਾਂ ਇਹ ਦੱਸੋ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਸਨ ?

**ਚਾਚੀ -** ਲੈਵੀ ! ਵਿਸ਼ਵ ਵਿਆਪੀ, ਇਨਕਲਾਬੀ ਵਿਚਾਰਧਾਰਾ ਦੇ ਸਿਰਜਕ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਵਤਾ, ਅਖੌਤੀ ਭਗਵਾਨ ਜਾਂ ਦੇਹਧਾਰੀ ਰਹਿਬਰ ਗੁਰੂ ਨਹੀਂ ਸੀ। ਉਨ੍ਹਾਂ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਸਨ। ਇਹ ਅੱਜ ਦੀ ਖੋਜ ਤੋਂ ਸਾਬਤ ਹੋ ਚੁੱਕਾ ਹੈ।

**ਲੈਵੀ -** ਚਾਚੀ ਜਦ ਭਾਰਤ ਵਿਚ ਸਾਰੇ ਪਾਸੇ ਬ੍ਰਾਹਮਣੀ ਕਰਮਕਾਂਡਾਂ, ਅੰਧ-ਵਿਸ਼ਵਾਸਾਂ, ਊਚ-ਨੀਚ,

ਜਾਤ-ਪਾਤ, ਛੂਆ-ਛਾਤ ਦਾ ਬੋਲਬਾਲਾ ਸੀ, ਬ੍ਰਾਹਮਣੀ ਧਾਰਮਿਕ ਗ੍ਰੰਥ ਇਸ ਦੀ ਹਾਮੀ ਭਰ ਰਹੇ ਸਨ ਉਸ ਵੇਲੇ ਗੁਰੂ ਰਵਿਦਾਸ ਨੇ ਇਹ ਵਿਚਾਰਧਾਰਾ ਕਿਸ ਕੋਲੋਂ ਸਿੱਖੀ ਹੋਵੇਗੀ?

ਚਾਚੀ - ਹਾਂ ਲੈਵੀ ! ਤੇਰਾ ਸਵਾਲ ਬਹੁਤ ਠੀਕ ਹੈ। ਅਗਿਆਨਤਾ ਦੇ ਘੁੱਪ ਹਨੇਰੇ ਵਿਚ ਇਹਨਾਂ ਗੁਰੂ ਸਾਹਿਬਾਨਾਂ ਨੇ ਇਹ ਵਿਚਾਰਧਾਰਾ ਕੁਦਰਤ ਕੋਲੋਂ ਹਾਸਲ ਕੀਤੀ। ਕਾਦਰ ਦੀ ਕੁਦਰਤ ਵਿਚ ਕੀ ਕੁਝ ਹੋ ਰਿਹਾ ਹੈ। ਕੀ ਕੁਦਰਤ ਕਿਸੇ ਨਾਲ ਭੇਦਭਾਵ ਕਰਦੀ ਹੈ। ਇਹਨਾਂ ਰਹਿਬਰਾਂ ਨੇ ਕੁਦਰਤ ਦੇ ਨਿਯਮਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ। ਇਹ ਕੁਦਰਤ ਦੇ ਨਿਯਮ ਹੀ ਪਾਰਬ੍ਰਹਮ ਦਾ ਹੁਕਮ ਹੈ ਉਸ ਦੀ ਰਜ਼ਾ ਹੈ। ਨਾਲੇ ਇਨ੍ਹਾਂ ਰਹਿਬਰਾਂ ਨੂੰ ਪ੍ਰਮਾਤਮਾ ਨੇ ਖੁਦ ਸੰਸਾਰ ਦਾ ਕਲਿਆਣ ਕਰਨ ਲਈ ਹੀ ਤਾਂ ਭੇਜਿਆ ਸੀ।

ਲੈਵੀ - ਚਾਚੀ ਤੁਸੀਂ ਇਹ ਵੀ ਦੱਸੋ ਕਿ ਗੁਰੂ ਧਾਰਨ ਕਰਨਾ ਜ਼ਰੂਰੀ ਹੈ? ਤੁਸੀਂ ਗੁਰੂ ਕਿਸ ਨੂੰ ਧਾਰਨ ਕੀਤਾ ਹੋਇਆ ਹੈ? ਕਹਿੰਦੇ ਕੀ ਆ "ਗੁਰੂ ਬਿਨਾਂ ਗਤ ਨ੍ਹੀਂ ਤੇ ਸ਼ਾਹ ਬਿਨਾਂ ਪੱਤ ਨ੍ਹੀਂ।" ਨਾਲੇ ਗੁਰਬਾਣੀ ਦਾ ਫੁਰਮਾਨ ਹੈ -

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥**
**ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨੁ ਨ ਹੋਇ ॥**

ਚਾਚੀ - ਲੈਵੀ ਚਾਹੇ ਅਸੀਂ ਸਮਾਜਿਕ ਕੰਮਾਕਾਰਾਂ ਦਾ ਗਿਆਨ ਹਾਸਲ ਕਰਨਾ ਹੋਵੇ ਤੇ ਚਾਹੇ ਅਧਿਆਤਮਕਤਾ ਦਾ ਇਨ੍ਹਾਂ ਸਾਰਿਆਂ ਲਈ ਸਾਨੂੰ ਗੁਰੂ ਧਾਰਨ ਕਰਨਾ ਬਹੁਤ ਜ਼ਰੂਰੀ ਹੈ। ਲੈਵੀ ਤੂੰ ਗੁਰਬਾਣੀ ਦੀ ਪੰਕਤੀ ਤਾਂ ਸਹੀ ਬੋਲੀ ਹੈ ਪਰ ਸਮਾਂ ਬਦਲ ਗਿਆ ਹੈ। ਆਹ ਅਖਾਣ ਹੁਣ ਪੂਰੀ ਤਰ੍ਹਾਂ ਢੁੱਕਦਾ ਨਹੀਂ। ਬਾਕੀ ਮੈਂ ਜਿਨ੍ਹਾਂ ਨੂੰ ਗੁਰੂ ਧਾਰਨ ਕੀਤਾ ਹੋਇਆ ਹੈ ਉਹ ਬੜੇ ਮਹਾਨ ਹਨ। ਉਹ ਹਨ ਧੰਨ ਸ੍ਰੀ ਗੁਰੂ ਰਵਿਦਾਸ ਜੀ, ਧੰਨ ਸ੍ਰੀ ਗੁਰੂ ਕਬੀਰ ਜੀ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਇਨ੍ਹਾਂ ਦੀ ਵਿਚਾਰਧਾਰਾ ਵਾਲੇ ਹੋਰ ਰਹਿਬਰ ਅਤੇ ਇਨ੍ਹਾਂ ਦੀ ਪਾਵਨ ਪਵਿੱਤਰ ਬਾਣੀ।

ਲੈਵੀ - ਚਾਚੀ ਇਹ ਗੁਰੂ ਤੁਹਾਡੇ ਇਕੱਲਿਆਂ ਦੇ ਥੋੜ੍ਹੀ ਆ ਇਹ ਤਾਂ ਸਾਰੇ ਜਹਾਨ ਦੇ ਗੁਰੂ ਆ। ਚਾਚੀ ਇਹ ਗੁਰੂ ਤਾਂ ਹੁਣ ਜੋਤੀ ਜੋਤ ਸਮਾ ਗਏ ਹਨ। ਇਨ੍ਹਾਂ ਗੁਰੂ ਸਾਹਿਬਾਨਾਂ ਨੂੰ ਹੁਣ ਅੱਖਾਂ ਨਾਲ ਦੇਖਿਆ ਥੋੜ੍ਹੀ ਜਾ ਸਕਦਾ ਨਾਲੇ ਇਹ ਹੁਣ ਬੋਲ ਕੇ ਥੋੜ੍ਹਾ ਦੱਸ ਸਕਦੇ ਆ।

ਚਾਚੀ - ਲੈਵੀ ਹੁਣ ਤੂੰ ਸੋਚ ਕਿ ਜਦੋਂ ਇਹ ਗੁਰੂ ਸਾਹਿਬਾਨ ਸੰਸਾਰ ਵਿਚ ਸਰੀਰਕ ਤੌਰ 'ਤੇ ਮੌਜੂਦ ਸਨ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਤਾਂ ਕੀ ਜਿੰਨੇ ਲੋਕਾਂ ਨੇ ਉਨ੍ਹਾਂ ਨੂੰ ਦੇਖਿਆ ਜਾਂ ਉਨ੍ਹਾਂ ਦੇ ਦਰਸ਼ਨ ਕੀਤੇ ਕੀ ਉਹ ਸਾਰੇ ਤਰ ਗਏ ਭਾਵ ਮੁਕਤ ਹੋ ਗਏ? ਲੈਵੀ ਹਰ ਹਾਲਤ ਵਿਚ ਉਹ ਸਾਰੇ ਮਨੁੱਖ ਮੁਕਤ ਨਹੀਂ ਹੋਏ ਹੋਣਗੇ। ਗੁਰੂ ਨੂੰ ਦੇਖਣ ਨਾਲ, ਦਰਸ਼ਨ ਕਰਨ ਨਾਲ ਮਨੁੱਖ ਦੇ ਮਨ ਵਿਚ ਸ਼ਰਧਾ ਤੇ ਸਤਿਕਾਰ ਤਾਂ ਜ਼ਰੂਰ ਪੈਦਾ ਹੋ ਸਕਦਾ ਹੈ ਪਰ ਮਨੁੱਖ ਦਾ ਪਾਰ ਉਤਾਰਾ ਗੁਰੂ ਦੇ ਦੱਸੇ ਸ਼ਬਦ, ਵਿਚਾਰਾਂ 'ਤੇ ਚੱਲ ਕੇ ਹੀ ਹੋਣਾ ਹੈ। ਗੁਰਬਾਣੀ ਦਾ ਬੜਾ ਸੁੰਦਰ ਫੁਰਮਾਨ ਹੈ –

**"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**

ਲੈਵੀ - ਚਾਚੀ ਇਸ ਵਕਤ ਇਹ ਗੁਰੂ ਸਾਹਿਬਾਨ ਜਾਂ ਇਨ੍ਹਾਂ ਦੀ ਬਾਣੀ ਸਾਨੂੰ ਬੋਲ ਕੇ ਸਮਝਾ ਤਾਂ ਨਹੀਂ ਸਕਦੀ?

ਚਾਚੀ - ਲੈਵੀ ਆਖਿਰਕਾਰ ਸਰੀਰਕ ਤੌਰ 'ਤੇ ਮੌਜੂਦ ਗੁਰੂ ਦੇ ਬੋਲਾਂ ਨੂੰ ਵੀ ਅਪਣਾ ਕੇ, ਅਮਲ ਵਿਚ ਲਿਆ ਕੇ ਹੀ ਤਾਂ ਪਾਰ ਉਤਾਰਾ ਹੋਣਾ ਹੈ। ਜਿਨ੍ਹਾਂ ਰਹਿਬਰਾਂ ਨੇ ਪਾਰਬ੍ਰਹਮ ਨੂੰ ਪਾ ਲਿਆ ਤੇ ਫਿਰ ਪ੍ਰਭ ਨੂੰ ਪਾਉਣ ਦੀ ਜੁਗਤੀ ਅਤੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਨੂੰ ਆਪਣੀ ਬਾਣੀ ਦੁਆਰਾ ਸਾਨੂੰ ਲਿਖ ਕੇ

ਦੇ ਗਏ ਹਨ ਇਸ ਅਮੋਲਕ ਖਜ਼ਾਨੇ ਨੂੰ ਅਪਣਾ ਕੇ ਅਸੀਂ ਆਪਣਾ ਜੀਵਨ ਸਫਲਾ ਕਿਉਂ ਨਹੀਂ ਕਰ ਸਕਦੇ? ਨਾਲੇ ਇਹ ਬਾਣੀ ਕੇਵਲ ਗੁਰੂ ਦੇ ਬੋਲ ਹੀ ਨਹੀਂ ਹਨ ਇਹ ਤਾਂ ਉਸ ਪ੍ਮਾਤਮਾ ਦਾ ਹੁਕਮ ਹੈ, ਧੁਰ ਕੀ ਬਾਣੀ ਹੈ - ਗੁਰੂ ਅਰਜਨ ਦੇਵ ਜੀ ਦੇ ਪਾਵਨ ਬਚਨ ਹਨ - ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

**ਲੈਵੀ - ਚਾਚੀ ਕਿਸੇ ਵੀ ਗ੍ਰੰਥ ਦੀ ਬਾਣੀ ਪੜ੍ਹ ਕੇ ਅਧਿਆਤਮਕ ਗਿਆਨ ਹਾਸਲ ਕੀਤਾ ਜਾ ਸਕਦਾ ਹੈ?**

**ਚਾਚੀ** - ਨਹੀਂ ਲੈਵੀ! ਬਹੁਤ ਸਾਰੇ ਗ੍ਰੰਥ ਊਚ-ਨੀਚ, ਜਾਤ-ਪਾਤ, ਛੂਤ-ਛਾਤ, ਵਰਣ ਵੰਡ ਦੀ ਹਾਮੀ ਭਰਦੇ ਹਨ ਜਿਨ੍ਹਾਂ ਦੀ ਬਦੌਲਤ ਸਾਡੇ ਦੇਸ਼ ਵਿਚ ਸਾਂਝੀਵਾਲਤਾ ਦਾ ਸਿਧਾਂਤ ਮਲੀਆਮੇਟ ਹੋਇਆ ਪਿਆ ਹੈ ਅਤੇ ਮੂਲਵਾਸੀ ਲੋਕਾਂ ਨੂੰ ਹਾਸ਼ੀਏ ਤੋਂ ਪਰੇ ਸੁੱਟਿਆ ਹੋਇਆ ਹੈ। ਇਸ ਵਕਤ ਸਾਰੇ ਗ੍ਰੰਥ ਅਧਿਆਤਮਕ ਜਾਂ ਪੂਜਣਯੋਗ ਨਹੀਂ ਹਨ। ਕੇਵਲ ਉਹੀ ਗ੍ਰੰਥ ਪੂਜਣਯੋਗ ਹੈ ਜਿਸ ਗ੍ਰੰਥ ਦੀ ਬਾਣੀ ਧੁਰ ਕੀ ਬਾਣੀ ਹੋਵੇ ਜਿਹੜੀ ਪਾਰਬ੍ਰਹਮ ਪ੍ਰਮਾਤਮਾ ਤੱਕ ਪਹੁੰਚ ਚੁੱਕੇ ਰਹਿਬਰ ਨੇ ਉਚਾਰੀ ਹੋਵੇ ਉਦਾਹਰਣ ਦੇ ਤੌਰ 'ਤੇ ਭਗਵਾਨ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ, ਗੁਰੂ ਕਬੀਰ, ਗੁਰੂ ਨਾਨਕ ਅਤੇ ਅਜਿਹੇ ਹੋਰ ਰਹਿਬਰਾਂ ਦੀ ਬਾਣੀ ਅਤੇ ਇਨ੍ਹਾਂ ਦੇ ਗ੍ਰੰਥ।

**ਲੈਵੀ - ਚਾਚੀ! ਜੋ ਲੋਕ ਅਨਪੜ੍ਹ ਹਨ ਜਾਂ ਪੜ੍ਹ ਨਹੀਂ ਸਕਦੇ ਉਹ ਭਲਾ ਗੁਰੂ ਦੇ ਉਪਦੇਸ਼ਾਂ ਨੂੰ ਕਿਵੇਂ ਹਾਸਲ ਕਰਨਗੇ?**

**ਚਾਚੀ** - ਲੈਵੀ ਅਜਿਹੇ ਲੋਕਾਂ ਨੂੰ ਗਿਆਨ ਹਾਸਲ ਕਰਨ ਲਈ ਗੁਰਦੁਆਰਿਆਂ, ਮੰਦਰਾਂ, ਕੀਰਤਨ ਦਰਬਾਰਾਂ, ਸੰਤ ਸੰਮੇਲਨਾਂ, ਸਤਿਸੰਗਾਂ ਵਿਚ ਜਾ ਕੇ ਜਾਂ ਕਿਸੇ ਵੀਡੀਓ, ਆਡਿਓ ਆਦਿ ਇਲੈਕਟ੍ਰਾਨਿਕ ਮੀਡੀਆ ਤੋਂ ਉਪਦੇਸ਼ ਹਾਸਲ ਕਰਨਾ ਪਵੇਗਾ। ਪਰ ਜੋ ਲੋਕ ਪਾਵਨ ਗ੍ਰੰਥ ਸਾਹਿਬ ਪੜ੍ਹ ਸਕਦੇ ਹਨ, ਧਾਰਮਿਕ ਪੁਸਤਕਾਂ ਪੜ੍ਹ ਸਕਦੇ ਹਨ ਉਹਨਾਂ ਦਾ ਜਾਣਾ ਜ਼ਰੂਰੀ ਨਹੀਂ। ਹੁਣ ਤਾਂ ਸਾਡੇ ਮੋਬਾਇਲਾਂ 'ਤੇ ਅਜਿਹੇ ਐਪ ਉਪਲਬਧ ਹਨ।

**ਲੈਵੀ - ਚਾਚੀ ਇਸ ਦਾ ਮਤਲਬ ਜਿਥੋਂ ਅਸੀਂ ਗਿਆਨ ਹਾਸਲ ਕਰਦੇ ਹਾਂ ਉਹ ਸਾਰੇ ਸਾਡੇ ਗੁਰੂ ਹਨ?**

**ਚਾਚੀ** - ਹਾਂ ਲੈਵੀ! ਗੁਰੂ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਤਾਂ ਇਹੀ ਬਣਦੇ ਹਨ ਕਿ ਗੁਕਾਰ ਤੇ ਰੂਕਾਰ ਗੁ+ਰੂ ਭਾਵ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਵਾਲਾ। ਪ੍ਰੰਤੂ ਅਸੀਂ ਹਰ ਇਕ ਨੂੰ ਗੁਰੂ ਨਹੀਂ ਕਹਿ ਸਕਦੇ ਕਿਉਂਕਿ ਇਹੀ ਪਾਵਨ ਸ਼ਬਦ ਅਸੀਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਗੁਰੂ ਨਾਨਕ ਦੇਵ ਜੀ ਲਈ ਵਰਤਦੇ ਹਾਂ ਇਸ ਕਰਕੇ ਇਹੀ ਸ਼ਬਦ ਹੋਰਨਾਂ ਲਈ ਵਰਤਣਾ ਸ਼ੋਭਾ ਨਹੀਂ ਦਿੰਦਾ।

**ਲੈਵੀ - ਚਾਚੀ ਜੀ ਧੰਨਵਾਦ ਅੱਜ ਤੁਸੀਂ ਗੁਰੂ ਸ਼ਬਦ ਸਬੰਧੀ ਮੈਨੂੰ ਬੜੇ ਹੀ ਵਿਸਥਾਰ ਨਾਲ ਚਾਨਣਾ ਪਾਇਆ ਹੈ। ਤੁਸੀਂ ਮੈਨੂੰ ਗੁਰੂ ਰਵਿਦਾਸ ਬਾਣੀ ਦੇ ਸਟੀਕ ਬਾਰੇ ਦੱਸੋ ਜਿਸ ਨੂੰ ਪੜ੍ਹ ਕੇ ਮੈਨੂੰ ਸਤਿਗੁਰਾਂ ਦੀ ਬਾਣੀ ਦਾ ਗਿਆਨ ਹੋ ਸਕੇ।**

**ਚਾਚੀ** - ਲੈਵੀ! ਤੂੰ ਪ੍ਰੋ. ਲਾਲ ਸਿੰਘ ਜੀ ਦੀ ਲਿਖੀ 'ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਪੁਸਤਕ ਜਾਂ ਅੰਮ੍ਰਿਤ ਰਸਨਾ ਸ੍ਰੀ ਗੁਰੂ ਰਵਿਦਾਸ ਜੀ ਸਟੀਕ ਆਦਿ ਕਿਤਾਬਾਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਬਿਨਪਾਲਕੇ ਜਲੰਧਰ ਤੋਂ ਮੰਗਵਾ ਕੇ ਪੜ੍ਹ ਉਸ ਵਿਚ ਬੜੇ ਸਰਲ ਅਤੇ ਸਹੀ ਵਿਆਖਿਆ ਦਿੱਤੀ ਹੋਈ ਹੈ।

**ਲੈਵੀ - ਚਾਚੀ ਜੀ! ਮੈਂ ਹੁਣੇ ਸੰਸਥਾ ਨੂੰ ਫ਼ੋਨ ਕਰਕੇ ਇਹ ਕਿਤਾਬ ਮੰਗਵਾਉਂਦੀ ਹੈ। ਚੰਗਾ ਚਾਚੀ ਜੀ ਜੈ ਗੁਰੂਦੇਵ!**

**ਚਾਚੀ** - ਧੰਨ ਗੁਰੂਦੇਵ ਲੈਵੀ।

# ਸੰਦੇਸ਼



ਵਿਸ਼ਵ ਸਾਂਝੀਵਾਲਤਾ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ ਦੇ 641ਵੇਂ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਆਪ ਸਾਰਿਆਂ ਨੂੰ ਕੋਟਿਨ-ਕੋਟਿ ਵਧਾਈਆਂ। ਗੁਰੂ ਰਵਿਦਾਸ ਜੀ ਨੇ ਸਦੀਆਂ ਤੋਂ ਲਤਾੜੇ, ਪਛਾੜੇ, ਦੁਰਕਾਰੇ ਅਤੇ ਹਾਸ਼ੀਏ ਉੱਪਰ ਸੁੱਟੇ ਲੋਕਾਂ ਨੂੰ ਨਾ ਸਿਰਫ਼ ਸਹਾਰਾ ਹੀ ਦਿੱਤਾ ਬਲਕਿ ਉਹਨਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਦਾ ਬੇਮਿਸਾਲ ਜਜ਼ਬਾ ਪੈਦਾ ਕੀਤਾ। ਮੈਨੂੰ ਬੜੀ ਪ੍ਰਸੰਨਤਾ ਹੋ ਰਹੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ 1998 ਈ. ਤੋਂ ਗੁਰੂ ਜੀ ਦੇ ਮਿਸ਼ਨ ਪ੍ਰਚਾਰ ਲਈ ਨਿਰੰਤਰ ਯਤਨਸ਼ੀਲ ਹੈ। ਅਜਿਹੇ ਟ੍ਰੈਕਟ ਜਿਨ੍ਹਾਂ ਵਿਚ ਇਤਿਹਾਸਕ, ਵਿਚਾਰਧਾਰਕ, ਅਰਥ ਭਰਪੂਰ ਅਤੇ ਨਿਵੇਕਲੇ ਲੇਖ ਹੁੰਦੇ ਹਨ ਸੰਗਤਾਂ ਨੂੰ ਮੁਫ਼ਤ ਭੇਟ ਕੀਤੇ ਜਾਂਦੇ ਹਨ। ਮੈਂ ਭਰੋਸੇ ਨਾਲ ਕਹਿੰਦ ਹਾਂ ਕਿ ਸੰਸਥਾ ਵੱਲੋਂ ਪ੍ਰਕਾਸ਼ਿਤ ਪੁਸਤਕ "ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ", ਗੁਰਬਾਣੀ ਦੇ ਗੁਟਕਾ ਸਾਹਿਬ ਤੇ ਸਟੀਕ, ਕਲੰਡਰ ਅਤੇ ਹੋਰ ਕਿਤਾਬਾਂ ਤੋਂ ਸੰਗਤਾਂ ਭਰਪੂਰ ਲਾਭ ਉਠਾਉਂਦੀਆਂ ਹਨ। ਅੰਤ ਵਿਚ ਮੈਂ ਸੰਸਥਾ ਵੱਲੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦਾ ਧੰਨਵਾਦ ਕਰਦਾ ਹਾਂ ਜੋ ਕਿ ਆਦਮਪੁਰ ਵਿਖੇ ਬਣ ਰਹੇ ਹਵਾਈ ਅੱਡੇ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣ ਜਾ ਰਹੇ ਹਨ।

ਤੋਤਾ ਮੱਲ (ਰਿਟਾ. ਪੋਸਟ ਮਾਸਟਰ), ਪਿੰਡ ਆਹਨਖੇੜੀ - ਮਲੇਰਕੋਟਲਾ

## ਸਮਾਜਵਾਦ ਦੇ ਮੋਢੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 641ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ



ਭਾਈ ਦਿਲਬਾਗ ਸਿੰਘ ਕੀਰਤਨੀ ਜੱਥਾ, ਪਿੰਡ ਤੇ ਡਾਕਖਾਨਾ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ, ਮੋਬਾਇਲ ਨੰਬਰ - 97811-12944, 94635-27110

ਵਿਸ਼ਵ ਸਾਂਝੀਵਾਲਤਾ ਦੇ ਸਿਰਜਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 641ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

# CHOPRA Electricals

## TOTAL HOUSE WIRING

**Spl. In :**

*Repair of Cooler, Madhani, Mixi, Drill Machine, Refrigerator, Motor Armature, Washing Machine, Fancy Light, Dish, T.V., & Repair/Sale of New Marble Cutter*


**DEALER - HAVELLS, KALSI, RLK LIGHTING**

Adampur Road, Near Railway Fatak,
Bhogpur, Jalandhar.
M.: 98159-63269, 70871-50013




Harleen Chopra, Rabjot Chopra & Taran Chopra

## ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 641ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ




ਸ੍ਰੀ ਜੋਗਿੰਦਰ ਪਾਲ
ਪਿੰਡ ਪਨਾਮ (ਹੁਸ਼ਿਆਰਪੁਰ)



ਸੂਬੇਦਾਰ ਮੇਜਰ ਪਿਆਰੇ ਲਾਲ
ਗੈਜੂਏਟ (ਚੁਖਿਆਰਾ)



ਸੂਬੇਦਾਰ ਹੰਸ ਰਾਜ
(ਭੋਗਪੁਰ)



ਸ੍ਰੀ ਦਲੀਪ ਚੰਦ
ਪਿੰਡ ਪਾਲਨੌ (ਫਿਲੌਰ)



ਸੋਮ ਨਾਥ ਸੀ.ਆਰ.ਪੀ.ਐਫ.
ਸਿਕੰਦਰਪੁਰ (ਅਲਾਵਲਪੁਰ)



ਮਨਜੀਤ ਸਿੰਘ ਚੁਖਿਆਰਾ
ਪਿੰਡ ਚੁਖਿਆਰਾ (ਜਲੰਧਰ)

Design : WP&S # 98153-78692